# ਅਧਿਆਇ 27

# ਯਾਕੂਬ ਦੁਆਰਾ ਏਸਾਓ ਦੀ ਅਸੀਸ ਚੁਰਾਉਣਾ

ਇਸਹਾਕ ਅਤੇ ਉਸ ਦੇ ਪਰਿਵਾਰ ਦੇ ਵਿਸ਼ੇ ਵਿਚ ਵਿਰਤਾਂਤ 27ਵੇਂ ਅਧਿਆਇ ਵਿਚ ਜਾਰੀ ਹੈ ਜੋ ਉਸ ਸੰਘਰਸ਼ ਦੇ ਨਾਲ ਸੰਬੰਧਤ ਹੈ ਜੋ ਇੱਛਾ ਸ਼ਕਤੀ ਦੇ ਨਾਲ ਸੰਬੰਧਤ ਹੈ। ਇਸਹਾਕ ਅਤੇ ਰਿਬਕਾਹ ਦੇ ਘਰ ਵਿਚ ਪੈਦਾ ਹੋਣ ਵਾਲੇ ਦੋਵਾਂ ਪੁੱਤਰਾਂ ਦੇ ਸੁਭਾਅ ਅਤੇ ਜੀਵਨਸ਼ੈਲੀ ਵੱਖਰੀ ਵੱਖਰੀ ਸੀ। ਇਸ ਤੋਂ ਇਲਾਵਾ, ਮਾਤਾ-ਪਿਤਾ ਦੋਵਾਂ ਦਾ ਇੱਕ ਇੱਕ ਲਾਡਲਾ ਪੁੱਤਰ ਸੀ, ਜਿਨ੍ਹਾਂ ਦੀ ਸਖਸ਼ੀਅਤ ਉਸ ਮਾਤਾ ਜਾਂ ਪਿਤਾ ਤੋਂ ਕਈ ਤਰੀਕਿਆਂ ਦੇ ਨਾਲ ਉਲਟ ਸੀ ਜੋ ਉਸ ਨੂੰ ਪਸੰਦ ਕਰਦਾ ਸੀ। ਇਸਹਾਕ, ਜੋ ਕੁਝ ਹੱਦ ਤੱਕ ਧੀਰਜਵਾਨ ਅਤੇ ਕਿਰਪਾ ਕਰਨ ਵਾਲਾ ਪਿਤਾ ਸੀ, ਆਪਣੇ ਪੁੱਤਰ ਏਸਾਓ ਨੂੰ ਪਸੰਦ ਕਰਦਾ ਸੀ, ਜੋ ਇੱਕ ਅਸੱਭਿਅ ਫਿਰਤੂ ਆਦਮੀ ਸੀ। ਏਸਾਓ ਜੰਗਲ ਵਿਚ ਸ਼ਿਕਾਰ ਕਰਨ ਦਾ ਬਹੁਤ ਹੀ ਮਾਹਰ ਸੀ, ਜੋ ਉਸ ਦੇ ਪਿਤਾ ਨੂੰ ਬਹੁਤ ਹੀ ਪਸੰਦ ਸੀ। ਇਸਹਾਕ ਦੀ ਪਤਨੀ, ਰਿਬਕਾਹ ਤੇਜ਼-ਇੱਛਾ ਵਾਲੀ ਅਤੇ ਨਿਯੰਤਰਣ ਕਰਨ ਵਾਲੀ ਸੀ। ਉਸ ਨੇ ਘਰ ਦਿਆਂ ਮਾਮਲਿਆਂ ਨਾਲ ਛੇੜ-ਛਾੜ ਕੀਤੀ ਅਤੇ ਆਪਣੇ ਲਾਡਲੇ ਪੁੱਤਰ ਯਾਕੂਬ ਦੇ ਲਈ ਅਸ਼ੀਰਵਾਦ ਦੇਣ ਦੇ ਲਈ ਆਪਣੇ ਪਤੀ ਦੇ ਅੰਨ੍ਹੇਪਣ ਦਾ ਫਾਇਦਾ ਵੀ ਚੁੱਕਿਆ। ਇਹ ਪੁੱਤਰ ਘਰ ਦੇ ਵਿਚ ਕੁਝ ਜਾਨਵਰਾਂ ਦੀ ਦੇਖਭਾਲ ਕਰਦਾ, ਅਤੇ ਘਰ ਦੇ ਆਸ-ਪਾਸ ਹੀ ਕੰਮ ਕਰਦੀ ਹੁੰਦਾ ਸੀ।

ਜਦੋਂ ਉਲਟ ਵਿਚਾਰਾਂ, ਪੱਖ ਪਾਤ, ਵੱਖੋ-ਵੱਖ ਸੁਭਾਅ ਅਤੇ ਕਠੋਰ ਧੋਖੇਧੜੀ ਦੀ ਕਹਾਣੀ ਦਾ ਵਿਕਾਸ ਹੁੰਦਾ ਹੈ, ਇਹ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਇੱਕ "ਜਿਸ ਕਿਸੇ ਘਰ ਵਿੱਚ ਫੁੱਟ ਪੈਂਦੀ ਹੈ ਉਹ ਕਾਇਮ ਨਾ ਰਹੇਗਾ" (ਮੱਤੀ 12:25)। ਇਸ ਅਧਿਆਇ ਵਿਚ ਧੋਖੇ, ਡਰ, ਨਰਾਜ਼ਗੀ, ਅਤੇ ਘ੍ਰਿਣਾ ਦੇ ਜ਼ਖਮਾਂ ਨੂੰ ਸਪੱਸ਼ਟ ਕੀਤਾ ਗਿਆ ਹੈ ਜੋ ਝੂਠ ਅਤੇ ਚਲਾਕੀ ਦੇ ਨਾਲ ਹੋ ਸਕਦੇ ਹਨ; ਅਤੇ ਉਨ੍ਹਾਂ ਨੇ ਇਸ ਮਾਤਾ-ਪਿਤਾ ਅਤੇ ਉਨ੍ਹਾਂ ਦੇ ਪੁੱਤਰਾਂ ਦੇ ਜੀਵਨਾਂ ਅਤੇ ਦਿਲਾਂ ਵਿਚ ਦੁੱਖ ਨੂੰ ਲਿਆਂਦਾ ਸੀ। ਕੁਝ ਜ਼ਖਮ ਆਖਿਰਕਾਰ ਵੀਹਾਂ ਸਾਲਾਂ ਦੇ ਬਾਅਦ ਠੀਕ ਹੋ ਗਏ ਸਨ (33:1-17); ਅਤੇ ਬਾਕੀ ਕਦੀ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕੇ। ਏਸਾਓ ਆਪਣੀ ਖੁੱਸੀ ਹੋਈ ਬਰਕਤ ਦੇ ਲਈ ਭੁੱਬਾਂ ਮਾਰ ਮਾਰ ਕੇ ਰੋਇਆ ਅਤੇ ਲੰਬੇ ਸਮੇਂ ਤੱਕ ਯਾਕੂਬ ਤੇ ਕੁੜਕੁੜਾਉਂਦਾ ਰਿਹਾ। ਯਾਕੂਬ ਨੇ ਇੱਕ ਭਰਾ ਤੋਂ ਡਰ ਕੇ ਜੋ ਉਸ ਨੂੰ ਮਾਰ ਦੇਣਾ ਚਾਹੁੰਦਾ ਸੀ ਅਤੇ ਪਦਨ ਆਰਾਮ ਵਿਚੋਂ ਪਤਨੀ ਦੀ ਭਾਲ ਕਰਨ ਦੇ ਲਈ ਘਰ ਨੂੰ ਛੱਡ ਦਿੱਤਾ। ਰਿਬਕਾਹ ਦੇ ਕੋਲੋਂ ਉਸ ਦੇ ਲਾਡਲੇ ਪੁੱਤਰ ਦਾ ਸਾਥ ਛੁੱਟ ਗਿਆ; ਲਿਖਤ ਵਿਚ ਕੋਈ ਸੰਕੇਤ ਨਹੀਂ ਹੈ ਕਿ ਉਸ ਨੇ ਬਾਅਦ ਵਿਚ ਉਸ ਨੂੰ ਵੇਖਿਆ ਸੀ। ਇਸਹਾਕ ਦੇ ਦੁੱਖ ਦੇ ਵਿਸ਼ੇ ਵਿਚ ਵਧੇਰੇ ਕੁਝ ਵੀ ਪਤਾ ਨਹੀਂ

ਹੈ, ਪਰ ਉਸ ਦੇ ਛੋਟੇ ਪੁੱਤਰ ਅਤੇ ਉਸ ਦੀ ਪਤਨੀ ਦੇ ਦੁਆਰਾ ਸੀ ਇਸ ਲਈ ਇਹ ਜ਼ਰੂਰ ਬਹੁਤ ਵੱਡਾ ਹੋਣਾ ਚਾਹੀਦਾ ਹੈ।

ਇਹ ਚਿੱਤਰਣ ਕੀਤੀ ਗਈ ਤ੍ਰਾਸਦੀ ਕਹਾਣੀ ਦਾ ਅੰਤ ਨਹੀਂ ਹੈ। ਇਹ ਚੱਲ ਰਹੇ ਨਾਟਕ ਵਿਚ ਇੱਕ ਭੂਮਿਕਾ ਹੈ ਜੋ ਇਨ੍ਹਾਂ ਪਾਤਰਾਂ ਦੇ ਜੀਵਨ ਦੇ ਸਮਾਪਤ ਹੋ ਜਾਣ ਦੇ ਬਾਅਦ ਦੇ ਸਮੇਂ ਤੱਕ ਜਾਰੀ ਰਿਹਾ। ਉਨ੍ਹਾਂ ਦੀ ਕਹਾਣੀ ਮੁੱਖ ਤੌਰ ਤੇ ਮਨੁੱਖ ਦੇ ਪਾਪ, ਦੁੱਖ ਅਤੇ ਵਿਦਰੋਹ ਦੇ ਉੱਤੇ ਜ਼ੋਰ ਨਹੀਂ ਦਿੰਦੀ ਹੈ। ਇਸ ਦੀ ਬਜਾਇ, ਜਿਵੇਂ ਕਿ ਕਹਾਣੀ ਵਿਚ ਜਾਰੀ ਹੈ, ਅਸੀਂ ਪਰਮੇਸ਼ੁਰ ਦੀ ਅਦਭੁੱਤ ਕਿਰਪਾ ਦੇ ਪ੍ਰਤਿ ਹੋਰ ਵੀ ਜਾਗਰੂਕ ਹੋ ਜਾਂਦੇ ਹਾਂ ਜੋ ਕਮਜ਼ੋਰ ਮਨੁੱਖਾਂ ਦੇ ਵਿਚ ਕੰਮ ਕਰਦੀ ਹੈ। ਪਰ ਪਰਮੇਸ਼ੁਰ ਉਨ੍ਹਾਂ ਦੀਆਂ ਕਮਜ਼ੋਰੀਆਂ ਅਤੇ ਪਾਪਾਂ ਦੇ ਬਾਵਜੂਦ ਅਜਿਹੇ ਲੋਕਾਂ ਨੂੰ ਬੁਲਾਉਂਦਾ, ਬਰਕਤ ਦਿੰਦਾ, ਅਤੇ ਇਸਤੇਮਾਲ ਕਰਦਾ ਹੈ – ਇਸ ਲਈ ਨਹੀਂ ਕਿ ਉਹ ਇਸ ਦੇ ਹੱਕਦਾਰ ਹਨ ਜਾਂ ਯੋਗ ਹਨ। ਉਸ ਦੀ ਛੁਟਕਾਰੇ ਦੀ ਯੋਜਨਾ ਨੇ ਉਨ੍ਹਾਂ ਲੋਕਾਂ ਨੂੰ ਬਣਾਇਆ ਜੋ ਅਬਰਾਹਾਮ ਦੇ ਵਾਇਦਾ ਕੀਤੇ ਹੋਏ ਬੀਜ ਦੇ ਦੁਆਰਾ ਸਾਰੇ ਸੰਸਾਰ ਦੇ ਉੱਤੇ ਬਰਕਤ:ਯਿਸੂ ਮਸੀਹ ਨੂੰ ਲੈ ਆਉਣਗੇ (ਮੱਤੀ 1:1-16; ਗਲਾਤੀਆਂ 3:16)।

## ਏਸਾਓ ਦੀ ਅਸੀਸ ਲਈ ਸਾਜਸ਼ ਅਤੇ ਉਸ ਸਾਜਸ਼ ਦੇ ਖਿਲਾਫ ਇੱਕ ਹੋਰ ਸਾਜਸ਼ (27:1-17)

### ਇਸਹਾਕ ਦੀ ਬੇਨਤੀ (27:1-4)

**[1]ਤਾਂ ਐਉਂ ਹੋਇਆ ਕਿ ਜਾਂ ਇਸਹਾਕ ਬਿਰਧ ਹੋ ਗਿਆ ਅਰ ਉਸ ਦੀਆਂ ਅੱਖਾਂ ਧੁੰਦਲਾ ਗਈਆਂ ਭਈ ਉਹ ਵੇਖ ਨਹੀਂ ਸੱਕਦਾ ਸੀ ਤਦ ਉਸ ਆਪਣੇ ਵੱਡੇ ਪੁੱਤ੍ਰ ਏਸਾਓ ਨੂੰ ਸੱਦਕੇ ਆਖਿਆ ਮੇਰੇ ਪੁੱਤ੍ਰ। ਓਸ ਉਹ ਨੂੰ ਆਖਿਆ, ਮੈਂ ਹਾਜ਼ਰ ਹਾਂ। [2]ਤਾਂ ਓਸ ਆਖਿਆ, ਵੇਖ ਮੈਂ ਬਿਰਧ ਹਾਂ ਅਤੇ ਮੈਂ ਆਪਣੀ ਮੌਤ ਦਾ ਦਿਨ ਨਹੀਂ ਜਾਣਦਾ। [3]ਸੋ ਤੂੰ ਹੁਣ ਆਪਣੇ ਸ਼ਸਤ੍ਰ ਅਰਥਾਤ ਧਣੁਖ ਅਰ ਤਰਕਸ਼ ਲੈ ਅਰ ਰੜ ਵਿੱਚ ਜਾਕੇ ਮੇਰੇ ਲਈ ਸ਼ਿਕਾਰ ਮਾਰ। [4]ਅਰ ਮੇਰੇ ਲਈ ਸੁਆਦਲਾ ਭੋਜਨ ਤਿਆਰ ਕਰ ਜਿਹੜਾ ਮੈਨੂੰ ਚੰਗਾ ਲੱਗਦਾ ਹੈ ਤੇ ਮੇਰੇ ਅੱਗੇ ਪਰੋਸ ਤਾਂਜੋ ਮੈਂ ਖਾਵਾਂ ਅਰ ਮੇਰਾ ਜੀਵ ਮਰਨ ਤੋਂ ਪਹਿਲਾਂ ਤੈਨੂੰ ਬਰਕਤ ਦੇਵੇ।**

**ਆਇਤਾਂ 1, 2.** ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਇਸਹਾਕ ਦੀ **ਬਿਰਧ** ਉਮਰ ਨੇ **ਉਸ ਦੀਆਂ ਅੱਖਾਂ** ਨੂੰ ਪ੍ਰਭਾਵਿਤ ਕਰ ਦਿੱਤਾ; ਉਸ ਦੀਆਂ ਅੱਖਾਂ **ਧੁੰਦਲਾ ਗਈਆਂ ਭਈ ਉਹ ਵੇਖ ਨਹੀਂ ਸੱਕਦਾ ਸੀ**। ਕਮਜ਼ੋਰ ਨਜ਼ਰ ਅਤੇ ਅੰਨ੍ਹਾਪਣ ਆਮ ਤੌਰ ਤੇ ਬਜ਼ੁਰਗਾਂ ਨੂੰ ਪ੍ਰਭਾਵਿਤ ਕਰਦਾ ਹੈ (48:10; 1 ਸਮੂਏਲ 3:2; 4:15; 1 ਰਾਜਿਆਂ 14:4; ਵੇਖੋ ਬਿਵਸਥਾ ਸਾਰ 34:7)। ਵੇਖ ਸਕਣ ਤੋਂ ਅਸਮਰਥ ਹੋਣ ਦੇ ਨਾਤੇ, ਇਸਹਾਕ ਨੇ **ਆਪਣੇ ਵੱਡੇ ਪੁੱਤਰ ਏਸਾਓ ਨੂੰ ਸੱਦ ਕੇ ਆਖਿਆ** ਕਿ ਉਹ ਉਸ ਦੇ ਕੋਲ ਆਵੇ, ਅਤੇ ਉਸ ਨੇ ਇਹ ਕਹਿੰਦੇ ਹੋਏ ਉੱਤਰ ਦਿੱਤਾ **ਮੈਂ ਹਾਜ਼ਰ ਹਾਂ**। ਉਸ ਦੇ ਪਿਤਾ ਨੇ ਉਸ ਨੂੰ ਦੱਸਿਆ ਹੈ ਕਿ ਉਹ ਇੰਨੀ ਉਮਰ ਤੱਕ ਪਹੁੰਚ ਗਿਆ ਸੀ ਕਿ ਉਸ ਨੇ ਸੋਚਿਆ ਕਿ [ਉਸ ਦੀ] **ਮੌਤ ਦਾ ਦਿਨ** ਸ਼ਾਇਦ ਨੇੜੇ ਆ ਗਿਆ ਸੀ, ਇਸ ਲਈ ਉਹ ਆਪਣੀ ਮੌਤ ਤੋਂ ਪਹਿਲਾਂ ਰਿਵਾਇਤੀ ਬਰਕਤ ਦੇ ਲਈ ਤਿਆਰੀ ਕਰਨਾ ਚਾਹੁੰਦਾ ਸੀ।

ਪਿਛਲੇ ਅਧਿਆਇ ਅਤੇ ਇਸ ਅਧਿਆਇ ਵਿਚ ਦਰਜ ਘਟਨਾਵਾਂ ਦੇ ਸਮੇਂ ਕਾਲ ਦੇ ਵਿਸ਼ੇ

ਵਿਚ ਜਾਣ ਸਕਣਾ ਅਸੰਭਵ ਹੈ। ਜੇਕਰ ਅਧਿਆਇ 27 ਦੀਆਂ ਘਟਨਾਵਾਂ ਅਧਿਆਇ 26 ਵਿਚ ਦਰਜ ਘਟਨਾਵਾਂ ਤੋਂ ਤੁਰੰਤ ਬਾਅਦ ਵਿਚ ਹੋਈਆਂ, ਤਾਂ ਪੁਰਖਾ ਲਗਭਗ ਸੌ ਸਾਲਾਂ ਦਾ ਸੀ (25:26; 26:34) ਅਤੇ 180 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋਣ ਤੋਂ ਪਹਿਲਾਂ ਉਸ ਨੇ ਅੱਸੀ ਸਾਲ ਹੋਰ ਜੀਉਣਾ ਸੀ (35:28)।[1] ਜੇਕਰ ਇਹ ਘਟਨਾਵਾਂ ਬਾਅਦ ਵਿਚ ਹੋਈਆਂ ਸਨ, ਤਾਂ ਇਸਹਾਕ ਲਗਭਗ 130 ਸਾਲਾਂ ਦਾ ਸੀ। ਇਸਹਾਕ ਬੁੱਢਾ ਅਤੇ ਅੰਨ੍ਹਾ ਦੋਵੇਂ ਹੀ ਸੀ, ਅਤੇ ਸਰੀਰਕ ਤੌਰ ਤੇ ਉਹ ਇੰਨਾ ਕਮਜ਼ੋਰ ਸੀ ਕਿ ਉਸ ਨੂੰ ਸਹਾਰਾ ਦੇ ਕੇ ਉਠਾਉਣਾ ਪੈਂਦਾ ਸੀ (27:19, 31)। ਇਸ ਲਈ, ਏਸਾਓ ਨੇ ਇਸ ਗੱਲ ਨੂੰ ਸਮਝ ਲਿਆ ਕਿ ਉਸ ਦੇ ਪਿਤਾ ਦੀ ਮੌਤ ਇਸ ਲਈ ਇਸਹਾਕ ਨੇ ਸੋਚਿਆ ਕਿ ਉਸ ਦੇ ਪਿਤਾ ਦੀ ਮੌਤ ਨੇੜੇ ਸੀ (27:41)। ਪਰ, ਇਸਹਾਕ ਨੇ ਇਸ ਸਮੇਂ ਤੋਂ ਬਾਅਦ ਆਪਣੀ ਕੁਝ ਤਾਕਤ ਨੂੰ ਦੁਬਾਰਾ ਪ੍ਰਾਪਤ ਕਰ ਲਿਆ ਹੋਵੇਗਾ ਕਿਉਂਕਿ ਉਹ ਇਸ ਸਮੇਂ ਤੋਂ ਬਾਅਦ ਵੀ ਘੱਟੋ ਘੱਟ ਤੀਹ ਸਾਲ ਜੀਉਂਦਾ ਰਿਹਾ ਸੀ (ਵੇਖੋ 31:41; 35:27, 28)।

**ਆਇਤਾਂ 3, 4.** ਇਸਹਾਕ ਨੇ ਆਪਣੇ ਪੁੱਤਰ ਏਸਾਓ ਨੂੰ ਹਿਦਾਇਤ ਕੀਤੀ, **ਸੋ ਤੂੰ ਹੁਣ ਆਪਣੇ ਸ਼ਸਤ੍ਰ ਅਰਥਾਤ ਧਣੁਖ ਅਰ ਤਰਕਸ਼ ਲੈ ਅਰ ਰੜ ਵਿੱਚ ਜਾਕੇ ਮੇਰੇ ਲਈ ਸ਼ਿਕਾਰ ਮਾਰ।** ਜੇਕਰ ਏਸਾਓ ਨੇ ਇੱਕ ਵਾਰ ਸਫਲਤਾ ਨਾਲ ਸ਼ਿਕਾਰ ਮਾਰ ਲਿਆ, ਤਾਂ ਉਸ ਨੇ ਉਸ ਤੋਂ ਉਹ **ਸੁਆਦਲਾ ਭੋਜਨ ਤਿਆਰ** ਕਰਨਾ **ਸੀ** ਜੋ ਉਸ ਦੇ ਪਿਤਾ ਨੂੰ ਚੰਗਾ ਲੱਗਦਾ ਸੀ।[2] 25:28 ਵਿਚ, ਇਸਹਾਕ ਏਸਾਓ ਨੂੰ ਪਸੰਦ ਕਰਦਾ ਸੀ ਇਸ ਦੇ ਵਿਸ਼ੇ ਵਿਚ ਇੱਕ ਤੱਥ ਇਹ ਵੀ ਜੋੜਿਆ ਜਾ ਸਕਦਾ ਹੈ ਕਿ "ਉਸ ਨੂੰ ਸ਼ਿਕਾਰ ਦਾ ਮੀਟ ਪਸੰਦ ਸੀ।"

ਇਸ ਮੌਕੇ ਦੇ ਵਿਸ਼ੇਸ਼ ਹੋਣ ਦਾ ਜੋ ਕਾਰਣ ਇਸਹਾਕ ਨੇ ਦੱਸਿਆ ਸੀ ਉਹ ਇਹ ਸੀ: **ਮੇਰਾ ਜੀਵ ਮਰਨ ਤੋਂ ਪਹਿਲਾਂ ਤੈਨੂੰ ਬਰਕਤ ਦੇਵੇ।** ਇੱਥੇ ਵਾਕ ਹਿਦਾਇਤ ਵਾਲਾ ਹੈ: ਇਸਹਾਕ ਸਧਾਰਣ ਰੂਪ ਵਿਚ ਨਹੀਂ ਕਹਿ ਰਿਹਾ ਸੀ, "ਤਾਂਜੋ ਮੇਰਾ ਜੀਵ ਤੈਨੂੰ ਬਰਕਤ ਦੇਵੇ।" ਭਾਵੇਂ ਇਹ ਸੱਚ ਹੈ ਕਿ "ਜੀਵ" (שֶׁפֶּנ, *ਨੇਪੇਸ਼*) ਅਕਸਰ ਇੱਕ ਵਿਅਕਤੀ ਦੇ ਲਈ ਇੱਕ ਮੁਹਾਵਰਾ ਹੁੰਦੀ ਹੈ ਅਤੇ ਕਦੀ ਕਦੀ ਇਸ ਦਾ ਅਨੁਵਾਦ "ਵਿਅਕਤੀ" ਜਾਂ "ਜੀਵਨ" ਕੀਤਾ ਗਿਆ ਹੈ, ਪਰ ਇੱਥੇ ਇੰਝ ਜਾਪਦਾ ਹੈ ਕਿ ਇਸ ਦਾ ਇੱਕ ਗਹਿਰਾ ਅਤੇ ਹੋਰ ਵੀ ਭਾਵੁਕ ਅਰਥ ਹੈ। ਇੰਝ ਜਾਪਦਾ ਹੈ ਜਿਵੇਂ ਇਸਹਾਕ ਕਹਿ ਰਿਹਾ ਸੀ, "ਆਪਣੇ ਦਿਲ [*ਨੇਪੇਸ਼*] ਦੀ ਗਹਿਰਾਈ ਤੋਂ, ਮੈਂ ਤੈਨੂੰ ਬਰਕਤ ਦੇਣਾ ਚਾਹੁੰਦਾ ਹਾਂ।"

ਇਸਹਾਕ ਨੇ ਯਾਕੂਬ ਦੇ ਨਾਲ ਇਸ ਮੌਕੇ ਦਾ ਕੋਈ ਉਲੇਖ ਨਹੀਂ ਕੀਤਾ। ਇਹ ਅਜੀਬ ਗੱਲ ਹੈ ਕਿਉਂਕਿ ਅਜਿਹੀਆਂ ਬਰਕਤਾਂ ਮਹੱਤਵਪੂਰਣ ਘਟਨਾਵਾਂ ਸਨ ਜਿਨ੍ਹਾਂ ਵਿਚ ਸਾਰੇ ਨਰ ਬੱਚੇ ਹਾਜ਼ਰ ਹੁੰਦੇ ਹਨ। ਪਰਿਵਾਰ ਵਿਚਲੇ ਅਧਿਕਾਰਾਂ ਦਾ ਆਯੋਜਨ ਕਰਨ ਦੇ ਲਈ, ਪਿਤਾ ਨੂੰ ਕ੍ਰਮਵਾਰ ਹਰ ਕਿਸੇ ਨੂੰ ਬਰਕਤ ਦੇਣੀ ਪੈਂਦੀ ਸੀ, ਜਿਵੇਂ ਬਾਅਦ ਵਿਚ ਯਾਕੂਬ ਨੇ ਮਿਸਰ ਵਿਚ ਕੀਤਾ ਸੀ (49:1-28)।[3] ਇਹ ਸਪੱਸ਼ਟ ਹੈ ਕਿ ਇਸਹਾਕ ਦਾ ਇਰਾਦਾ ਸੀ ਕਿ ਯਾਕੂਬ ਨੂੰ ਪੂਰੀ ਤਰ੍ਹਾਂ ਬਾਹਰ ਹੀ ਰਹਿਣ ਦਿੱਤਾ ਜਾਵੇ। ਉਸ ਨੇ ਜਾਂ ਤਾਂ ਯਹੋਵਾਹ ਦੁਆਰਾ ਰਿਬਕਾਹ ਨੂੰ ਦਿੱਤੀ ਭਵਿੱਖਵਾਣੀ ਨੂੰ ਨਜਰਅੰਦਾਜ਼ ਕਰ ਦਿੱਤਾ ਸੀ ਜਾਂ ਉਹ ਭੁੱਲ ਗਿਆ ਸੀ ਜਾਂ ਉਸ ਨੂੰ ਭੁੱਲ ਗਿਆ ਸੀ ਕਿ "ਵੱਡਾ" (ਏਸਾਓ) "ਛੋਟੇ ਦੀ ਟਹਿਲ" (ਯਾਕੂਬ) ਕਰੇਗਾ (25:23)।

**ਰਿਬਕਾਹ ਦੀ ਯੋਜਨਾ (27:5-17)**

**5ਜਦ ਇਸਹਾਕ ਆਪਣੇ ਪੁੱਤ੍ਰ ਏਸਾਓ ਨਾਲ ਬੋਲਦਾ ਸੀ ਤਾਂ ਰਿਬਕਾਹ ਸੁਣਦੀ ਸੀ। ਫੇਰ
ਏਸਾਓ ਰੜ ਵੱਲ ਚੱਲਾ ਗਿਆ ਭਈ ਸ਼ਿਕਾਰ ਮਾਰਕੇ ਲੈ ਆਵੇ। 6ਤਾਂ ਰਿਬਕਾਹ ਆਪਣੇ ਪੁੱਤ੍ਰ
ਯਾਕੂਬ ਨੂੰ ਆਖਿਆ, ਵੇਖ ਮੈਂ ਤੇਰੇ ਪਿਤਾ ਨੂੰ ਸੁਣਿਆ ਜਦ ਉਹ ਤੇਰੇ ਭਰਾ ਏਸਾਓ ਨੂੰ ਏਹ
ਬੋਲਿਆ। 7ਕਿ ਮੇਰੇ ਲਈ ਸ਼ਿਕਾਰ ਲੈਕੇ ਸੁਆਦਲਾ ਭੋਜਨ ਤਿਆਰ ਕਰ ਜੋ ਮੈਂ ਖਾਵਾਂ ਅਰ
ਯਹੋਵਾਹ ਦੇ ਸਨਮੁਖ ਆਪਣੀ ਮੌਤ ਤੋਂ ਪਹਿਲਾਂ ਤੈਨੂੰ ਬਰਕਤ ਦਿਆਂ। 8ਹੁਣ ਮੇਰੇ ਪੁੱਤ੍ਰ ਮੇਰੀ ਗੱਲ
ਸੁਣ ਜਿਵੇਂ ਮੈਂ ਤੈਨੂੰ ਹੁਕਮ ਦਿੰਦੀ ਹਾਂ। 9ਇੱਜੜ ਵਿੱਚ ਜਾਕੇ ਉੱਥੋਂ ਮੇਰੇ ਲਈ ਬਕਰੀ ਦੇ ਦੋ ਚੰਗੇ
ਮੇਮਣੇ ਲਿਆ ਤਾਂਜੋ ਮੈਂ ਉਨ੍ਹਾਂ ਤੋਂ ਸੁਆਦਲਾ ਭੋਜਨ ਤੇਰੇ ਪਿਤਾ ਲਈ ਜਿਹੜਾ ਉਹ ਨੂੰ ਚੰਗਾ
ਲੱਗਦਾ ਹੈ ਤਿਆਰ ਕਰਾਂ। 10ਅਤੇ ਆਪਣੇ ਪਿਤਾ ਕੋਲ ਲੈ ਜਾਹ ਤਾਂਜੋ ਉਹ ਖਾਵੇ ਅਰ ਆਪਣੀ
ਮੌਤ ਤੋਂ ਪਹਿਲਾਂ ਤੈਨੂੰ ਬਰਕਤ ਦੇਵੇ। 11ਪਰ ਯਾਕੂਬ ਨੇ ਆਪਣੀ ਮਾਤਾ ਰਿਬਕਾਹ ਨੂੰ ਆਖਿਆ,
ਵੇਖ ਮੇਰਾ ਭਰਾ ਏਸਾਓ ਜਤਾਉਲਾ ਮਨੁੱਖ ਹੈ ਅਰ ਮੈਂ ਰੋਮ ਹੀਣ ਮਨੁੱਖ ਹਾਂ। 12ਸ਼ਾਇਤ ਮੇਰਾ
ਪਿਤਾ ਮੈਨੂੰ ਟੋਹੇ ਅਤੇ ਮੈਂ ਉਹ ਦੀਆਂ ਅੱਖਾਂ ਵਿੱਚ ਧੋਖੇ ਬਾਜ ਹੋਵਾਂ ਤਾਂ ਮੈਂ ਆਪਣੇ ਉੱਤੇ ਬਰਕਤ
ਨਹੀਂ ਪਰ ਸਰਾਪ ਲਵਾਂ ਤਾਂ ਉਹ ਦੀ ਮਾਤਾ ਨੇ ਉਸ ਨੂੰ ਆਖਿਆ, ਮੇਰੇ ਪੁੱਤ੍ਰ ਤੇਰਾ ਸਰਾਪ ਮੇਰੇ
ਉੱਤੇ ਆਵੇ। 13ਤੂੰ ਕੇਵਲ ਮੇਰੀ ਗੱਲ ਸੁਣ ਅਰ ਜਾ ਕੇ ਮੇਰੇ ਲਈ ਉਨ੍ਹਾਂ ਨੂੰ ਲੈ ਆ। 14ਤਾਂ ਉਸ ਨੇ
ਜਾਕੇ ਉਨ੍ਹਾਂ ਨੂੰ ਫੜਿਆ ਅਰ ਆਪਣੀ ਮਾਤਾ ਕੋਲ ਲੈ ਆਇਆ ਅਰ ਉਸ ਦੀ ਮਾਤਾ ਨੇ
ਸੁਆਦਲਾ ਭੋਜਨ ਜਿਹੜਾ ਉਸ ਦੇ ਪਿਤਾ ਨੂੰ ਚੰਗਾ ਲਗਦਾ ਸੀ ਤਿਆਰ ਕੀਤਾ। 15ਤਾਂ ਰਿਬਕਾਹ
ਨੇ ਆਪਣੇ ਵੱਡੇ ਪੁੱਤ੍ਰ ਏਸਾਓ ਦੇ ਰਾਖਵੇਂ ਬਸਤ੍ਰ ਜਿਹੜੇ ਘਰ ਵਿੱਚ ਉਸ ਦੇ ਕੋਲ ਸਨ ਆਪਣੇ
ਨਿੱਕੇ ਪੁੱਤ੍ਰ ਯਾਕੂਬ ਨੂੰ ਪੁਆਏ। 16ਅਤੇ ਮੇਮਣਿਆਂ ਦੀਆਂ ਖੱਲਾਂ ਉਸ ਦੇ ਹੱਥਾਂ ਅਰ ਉਸ ਦੀ ਰੋਮ
ਹੀਣ ਧੌਣ ਉੱਤੇ ਲਪੇਟੀਆਂ। 17ਤਾਂ ਉਸ ਨੇ ਉਹ ਸੁਆਦਲਾ ਭੋਜਨ ਅਰ ਰੋਟੀ ਜਿਸ ਨੂੰ ਉਸ ਨੇ
ਤਿਆਰ ਕੀਤਾ ਸੀ ਆਪਣੇ ਪੁੱਤ੍ਰ ਯਾਕੂਬ ਦੇ ਹੱਥ ਵਿੱਚ ਦਿੱਤਾ।**

**ਆਇਤ 5.** ਜਦੋਂ **ਇਸਹਾਕ** ਆਪਣੇ ਲਾਡਲੇ ਪੁੱਤਰ, ਏਸਾਓ, ਦੇ ਨਾਲ ਗੱਲਾਂ ਕਰ ਰਿਹਾ ਸੀ, ਤਾਂ **ਰਿਬਕਾਹ** ਉਸ ਦੇ ਸ਼ਬਦਾਂ ਨੂੰ ਸੁਣ ਰਹੀ ਸੀ। ਕੰਮ ਕਰਨ ਤੋਂ ਪਹਿਲਾਂ, ਉਹ ਉਸ ਸਮੇਂ ਤੱਕ ਇੰਤਜ਼ਾਰ ਕੀਤਾ ਜਦੋਂ ਤੱਕ **ਏਸਾਓ ਰੜ ਵੱਲ ਚੱਲਾ ਗਿਆ ਭਈ ਸ਼ਿਕਾਰ ਮਾਰਕੇ ਲੈ ਆਵੇ** ਜੋ ਉਸ ਦੇ ਪਿਤਾ ਨੂੰ ਖੁਸ਼ ਕਰੇਗਾ। ਜਾਹਿਰ ਹੈ ਕਿ, ਰਿਬਕਾਹ ਅਤੇ ਇਸਹਾਕ ਚੰਗੀ ਤਰ੍ਹਾਂ ਗੱਲਬਾਤ ਨਹੀਂ ਕਰ ਰਹੇ ਸਨ, ਅਤੇ ਹਰ ਕਿਸੇ ਦਾ ਆਪਣਾ ਇੱਕ ਵੱਖਰਾ ਅਜੰਡਾ ਸੀ।

**ਆਇਤਾਂ 6, 7. ਰਿਬਕਾਹ** ਇਸ ਨਾਟਕ ਵਿਚ ਮੁੱਖ ਨਾਇਕਾ ਬਣ ਗਈ, ਜਦੋਂ **ਯਾਕੂਬ** ਦੇ ਕੋਲ ਜਾ ਕੇ ਉਸ ਨੇ ਸਾਰੀ ਸਾਜਸ਼ ਨੂੰ ਦੱਸ ਦਿੱਤਾ। ਉਸ ਨੇ ਖੁਲਾਸਾ ਕੀਤੀ ਕਿ ਇਸਹਾਕ ਨੇ **ਏਸਾਓ** ਨੂੰ ਕਿਹਾ ਸੀ, **ਕਿ ਮੇਰੇ ਲਈ ਸ਼ਿਕਾਰ ਲੈਕੇ ਸੁਆਦਲਾ ਭੋਜਨ ਤਿਆਰ ਕਰ ਜੋ ਮੈਂ ਖਾਵਾਂ ਅਰ ਯਹੋਵਾਹ ਦੇ ਸਨਮੁਖ ਆਪਣੀ ਮੌਤ ਤੋਂ ਪਹਿਲਾਂ ਤੈਨੂੰ ਬਰਕਤ ਦਿਆਂ।**

ਜਨਮ ਸਿੱਧ ਅਧਿਕਾਰ (הַבְּכֹרָה, *ਬੇਕੋਰਾਹ*) ਅਤੇ ਮੌਤ ਦੇ ਬਿਸਤਰ ਦੀ ਬਰਕਤ (בְּרָכָה, *ਬੇਰਾਖਾ*) ਵਿਚਲਾ ਸੰਬੰਧ ਅਸਪੱਸ਼ਟ ਹਨ। ਜਦਕਿ ਉਹ ਜਿਸ ਦੇ ਕੋਲ ਜਨਮ ਸਿੱਧ ਅਧਿਕਾਰ ਹੁੰਦਾ ਸੀ – ਉਹ ਆਮ ਤੌਰ ਤੇ ਪਹਿਲੌਠਾ ਹੁੰਦਾ ਸੀ – ਉਸ ਨੂੰ ਜਾਇਦਾਦ ਦਾ ਦੁੱਗਣਾ ਭਾਗ ਮਿਲਦਾ ਸੀ, ਉਤਪਤ 49:1-28 ਇਸ ਗੱਲ ਨੂੰ ਦਰਸਾਉਂਦੀ ਹੈ ਕਿ ਹਮੇਸ਼ਾ ਅਜਿਹਾ ਨਹੀਂ ਹੁੰਦਾ ਸੀ। ਕੁਝ ਲੋਕ ਸੋਚਦੇ ਹਨ ਕਿ ਮੌਤ ਦੇ ਸਮੇਂ ਦੀ ਬਰਕਤ ਸਧਾਰਣ ਤੌਰ ਤੇ ਪਿਤਾ ਦੇ ਦੁਆਰਾ

ਮਰਨ ਤੋਂ ਪਹਿਲਾਂ ਜੇਠੇ ਦੇ ਅਧਿਕਾਰ ਨੂੰ ਦ੍ਰਿੜ ਕਰਨਾ ਹੈ, ਇਹ ਇੱਕੋਂ ਬਰਕਤ ਦੇ ਦੋ ਹਿੱਸੇ ਹੁੰਦੇ ਸਨ। ਪਰ, ਏਸਾਓ ਉਸ ਨੂੰ ਵੱਖਰਾ ਸਮਝਦਾ ਸੀ; ਅਤੇ ਜਦੋਂ ਇਸਹਾਕ ਨੂੰ ਦੱਸਿਆ ਕਿ ਕਿਵੇਂ ਉਸ ਦੇ ਛੋਟੇ ਭਰਾ ਨੇ ਉਸ ਨੂੰ ਧੋਖਾ ਦਿੱਤਾ ਸੀ, ਉਸ ਨੇ ਇਹ ਕਹਿੰਦੇ ਹੋਏ ਦਾਅਵਾ ਕੀਤਾ ਕਿ ਉਸ ਨੂੰ ਦੋ ਵਾਰ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਸੀ, "ਕੀ ਉਸ ਦਾ ਨਾਉਂ ਠੀਕ ਯਾਕੂਬ ਨਹੀਂ ਰੱਖਿਆ ਗਿਆ ਕਿ ਓਸ ਹੁਣ ਦੂਜੀ ਵਾਰ ਮੇਰੇ ਸੰਗ ਧੋਖਾ ਕੀਤਾ ਹੈ? ਉਸ ਨੇ ਪਲੋਠੀ ਦਾ ਹੱਕ ਵੀ ਲੈ ਲਿਆ ਅਰ ਵੇਖੋ ਹੁਣ ਮੇਰੀ ਬਰਕਤ ਵੀ ਲੈ ਲਈ" (27:36)।[4]

ਇਸ ਖਾਤੇ ਵਿਚ ਰਿਬਕਾਹ ਦੇ ਉਦੇਸ਼ ਕੀ ਸਨ? ਉਨ੍ਹਾਂ ਦਾ ਮੁਲਾਂਕਣ ਕਰਨਾ ਮੁਸ਼ਕਲ ਹੈ। ਉਸ ਦੀਆਂ ਆਤਮਿਕ ਕਦਰਾਂ-ਕੀਮਤਾਂ ਅਤੇ ਇਰਾਦੇ ਚੰਗੇ ਸਨ, ਕਿਉਂਕਿ ਉਹ ਜਾਣਦੀ ਸੀ ਕਿ ਯਾਕੂਬ ਪ੍ਰਭੂ ਦਾ ਚੁਣਿਆ ਹੋਇਆ ਹੈ (25:23)। ਜਦੋਂ 27:7 ਵਿਚ ਉਸ ਨੇ ਆਪਣੇ ਪਤੀ ਦਾ ਹਵਾਲਾ ਦਿੱਤਾ, ਤਾਂ ਉਸ ਨੇ ਕਿਹਾ ਕਿ ਬਰਕਤ "ਯਹੋਵਾਹ ਦੇ ਸਨਮੁਖ" ਦਿੱਤੀ ਜਾਵੇਗੀ। ਸ਼ਾਇਦ ਉਸ ਨੂੰ ਅਹਿਸਾਸ ਹੋਇਆ ਸੀ ਕਿ ਇਹ ਇੱਕ ਫੈਸਲਾ ਲੈਣ ਦੀ ਘੜੀ ਸੀ ਜਿਸ ਵਿਚ ਪਰਿਵਾਰ ਦੀ ਭਵਿੱਖ ਦਾਅ ਦੇ ਲੱਗਾ ਸੀ, ਅਤੇ ਉਹ ਆਪਣੇ ਪਤੀ ਨੂੰ ਆਪਣੀ ਮੌਤ ਦੇ ਸਮੇਂ ਗਲਤ ਪੁੱਤਰ ਨੂੰ ਬਰਕਤ ਦੇਣ ਤੋਂ ਰੋਕਣਾ ਚਾਹੁੰਦੀ ਸੀ। ਜੇਕਰ ਰਿਬਕਾਹ ਦੇ ਕੰਮਾਂ ਦਾ ਇਹੋ ਕਾਰਣ ਸੀ, ਤਾਂ ਉਹ ਇਸ ਗੱਲ ਨੂੰ ਯਕੀਨੀ ਬਣਾ ਰਹੀ ਸੀ ਕਿ ਸਹੀ ਕੰਮ ਹੀ ਕੀਤਾ ਜਾਵੇ। ਜੇਕਰ ਅਬਰਾਹਾਮ ਦੀ ਵੰਸ਼ਾਵਲੀ ਦੇ ਵਿਸ਼ੇ ਵਿਚ ਯਹੋਵਾਹ ਦਾ ਦਰਸ਼ਣ ਅਤੇ ਵਾਇਦਾ ਪੂਰੇ ਕਰਨੇ ਸਨ, ਤਾਂ ਉਸ ਨੂੰ ਅਤੇ ਯਾਕੂਬ ਨੂੰ ਇਸਹਾਕ ਅਤੇ ਏਸਾਓ ਦੇ ਵਿਸ਼ਵਾਸ ਘਾਤ ਤੋਂ ਬਚਾਉਣ ਦੇ ਲਈ ਹੁਣ ਕੰਮ ਕਰਨਾ ਚਾਹੀਦਾ ਹੈ। ਪਰ, ਜਿਸ ਤਰੀਕੇ ਦੇ ਨਾਲ ਉਹ ਆਪਣੇ ਉਦੇਸ਼ ਨੂੰ ਪੂਰਾ ਕਰ ਰਹੀ ਸੀ ਉਹ ਭਿਆਨਕ ਸੀ! ਇਸ ਵਿਚ ਇਸਹਾਕ ਨੂੰ ਉਸ ਤਰੀਕੇ ਦੇ ਨਾਲ ਧੋਖਾ ਦਿੱਤਾ ਜਾਣਾ ਸੀ ਜੋ ਪਰਿਵਾਰ ਦੇ ਦਿਲ ਨੂੰ ਬਹੁਤ ਦੁਖੀ ਕਰੇਗਾ ਅਤੇ ਕੁੜੱਤਣ ਦੇ ਨਾਲ ਭਰ ਦੇਵੇਗਾ ਜੋ ਕਈ ਸਾਲਾਂ ਤੱਕ ਦੂਰ ਨਹੀਂ ਹੋਵੇਗੀ।

**ਆਇਤ 8.** ਰਿਬਕਾਹ ਯਾਕੂਬ ਦੇ ਉੱਤੇ ਸਥਿਤੀ ਦੀ ਗੰਭੀਰਤਾ ਅਤੇ ਤੁਰੰਤ ਕਾਰਵਾਈ ਕਰਨ ਦੀ ਲੋੜ ਦਾ ਪ੍ਰਭਾਵ ਪਾਉਣਾ ਚਾਹੁੰਦੀ ਸੀ ਜੋ ਉਸ ਦੇ ਹੁਕਮ ਵਿਚ ਸਪੱਸ਼ਟ ਹੈ। ਪਹਿਲਾ, ਉਸ ਨੇ ਕਿਹਾ, **ਮੇਰੀ ਗੱਲ ਸੁਣ ਜਿਵੇਂ ਮੈਂ ਤੈਨੂੰ ਹੁਕਮ ਦਿੰਦੀ ਹਾਂ।** ਪੁਰਾਣੇ ਨੇਮ ਵਿਚ ਕਿਰਿਆ "ਹੁਕਮ" (צָוָה, *ਸਾਵਾਹ*) ਨੂੰ ਇਸਤਰੀ ਲਿੰਗ ਵਿਸ਼ੇ ਦੇ ਨਾਲ ਇਸਤੇਮਾਲ ਕੀਤਾ ਜਾਣਾ ਅਸਧਾਰਣ ਹੈ (ਵੇਖੋ ਅਸਤਰ 4:5)। ਪਰਮੇਸ਼ੁਰ ਨੇ, ਲਿਖਤਾਂ ਵਿਚ ਪ੍ਰਾਥਮਿਕ ਅਧਿਕਾਰੀ ਦੇ ਰੂਪ ਵਿਚ, ਅਕਸਰ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਘੱਟ ਅਧਿਕਾਰ ਵਾਲੇ, ਰਾਜਿਆਂ ਅਤੇ ਨਬੀਆਂ ਨੇ, ਹੁਕਮ ਦਿੱਤੇ; ਅਤੇ ਪਿਤਾਵਾਂ ਨੇ ਆਪਣੇ ਬੱਚਿਆਂ ਨੂੰ ਹੁਕਮ ਦਿੱਤੇ। ਇਸ ਮਾਮਲੇ ਵਿਚ, ਰਿਬਕਾਹ ਨੇ ਆਪਣੇ ਹੁਕਮ ਨੂੰ ਮਨਾਉਣ ਦੇ ਲਈ ਆਪਣੇ ਮਾਂ ਦੇ ਸਾਰੇ ਅਧਿਕਾਰ ਦਾ ਇਸਤੇਮਾਲ ਕੀਤਾ ਸੀ। ਇਨ੍ਹਾਂ ਦੋਵਾਂ ਮਾਤਾ ਅਤੇ ਪਿਤਾ ਨੇ ਆਪਣੇ ਬੱਚਿਆਂ ਨਾਲ ਵਿਹਾਰ ਕਰਨ ਦੇ ਲਈ ਜੋ ਦ੍ਰਿਸ਼ਟੀਕੋਣ ਵਰਤੇ ਸਨ ਉਹ ਉਲੇਖ ਯੋਗ ਹਨ। 27:5 ਵਿਚ ਇਸਹਾਕ ਆਪਣੇ ਪੁੱਤਰ ਏਸਾਓ ਨੂੰ "ਬੋਲਦਾ ਸੀ," ਪਰ ਇੱਥੇ ਰਿਬਕਾਹ "ਹੁਕਮ ਦਿੰਦੀ ਹਾਂ" ਦਾ ਇਸਤੇਮਾਲ ਕੀਤਾ। ਵੱਖ ਵੱਖ ਸ਼ਬਦਾਵਲੀ ਦਾ ਅਰਥ ਹੋ ਸਕਦਾ ਹੈ ਕਿ ਮਾਂ ਆਪਣੇ ਛੋਟੇ ਪੁੱਤਰ ਤੇ ਸ਼ਾਸਨ ਕਰਦੀ ਸੀ, ਜਦਕਿ ਪਿਤਾ ਦਾ ਆਪਣੇ ਵੱਡੇ ਪੁੱਤਰ ਦੇ ਨਾਲ ਨਿਮਰ ਸੰਬੰਧ ਸੀ।

**ਆਇਤਾਂ 9, 10.** ਯਾਕੂਬ ਦੇ ਲਈ ਰਿਬਕਾਹ ਦਾ ਹੁਕਮ ਇਹ ਸੀ ਕਿ ਤੂੰ **ਇੱਜੜ ਵਿੱਚ ਜਾਕੇ ਉੱਥੋਂ ਮੇਰੇ** [ਉਸ ਦੇ] **ਲਈ ਬਕਰੀ ਦੇ ਦੋ ਚੰਗੇ ਮੇਮਣੇ ਲਿਆ** ਤਾਂ ਕਿ ਉਹ ਉਨ੍ਹਾਂ ਤੋਂ

**ਇਸਹਾਕ ਦੇ** ਲਈ **ਸੁਆਦਲਾ ਭੋਜਨ ਤਿਆਰ** ਕਰ ਸਕੇ। ਲਿਖਤ ਨੇ ਪਹਿਲਾਂ ਤੋਂ ਹੀ ਪਰਗਟ ਕਰ ਦਿੱਤਾ ਹੈ ਕਿ ਯਾਕੂਬ ਇੱਕ ਵਧੀਆ ਪਕਾਉਣ ਵਾਲਾ ਸੀ (25:27-34); ਪਰ, ਉਸ ਦੀ ਮਾਂ ਵਿਚ ਮਨ ਵਿਚ, ਇਸ ਮੌਕੇ ਤੇ ਕਿਸੇ ਗਲਤੀ ਦੀ ਕੋਈ ਗੁੰਜਾਇਸ਼ ਨਹੀਂ ਸੀ। ਰਿਬਕਾਹ ਨੂੰ ਆਤਮ ਵਿਸ਼ਵਾਸ ਸੀ ਕਿ ਸਿਰਫ ਉਹੀ ਜਾਣਦੀ ਸੀ ਕਿ ਕਿਵੇਂ ਭੋਜਨ ਤਿਆਰ ਕਰਨਾ ਸੀ ਅਤੇ ਉਸ ਵਿਚ ਸਹੀ ਮਸਾਲੇ ਪਾਉਣੇ ਸਨ ਤਾਂ ਕਿ ਇਸਹਾਕ ਨੂੰ ਧੋਖਾ ਦਿੱਤਾ ਜਾ ਸਕੇ ਕਿ ਉਹ ਇੱਜੜ ਵਿਚਲੇ ਇੱਕ ਜਵਾਨ ਮੇਮਣੇ ਦਾ ਮਾਸ ਨਹੀਂ, ਸਗੋਂ ਰੜ ਵਿਚਲੇ ਸ਼ਿਕਾਰ ਦਾ ਮਾਸ ਖਾ ਰਿਹਾ ਸੀ। ਜਦੋਂ ਉਸ ਨੇ ਭੋਜਨ ਪਕਾ ਲਿਆ, ਤਾਂ ਉਸ ਨੇ ਯਾਕੂਬ ਨੂੰ ਕਿਹਾ ਕਿ ਉਹ **ਆਪਣੇ ਪਿਤਾ ਕੋਲ ਲੈ** ਜਾਵੇ ਤਾਂ ਕਿ **ਉਹ ਖਾਵੇ** ਅਤੇ **ਆਪਣੀ ਮੌਤ ਤੋਂ ਪਹਿਲਾਂ** [ਉਸ ਨੂੰ] **ਬਰਕਤ** ਦੇ ਸਕੇ।

**ਆਇਤਾਂ 11, 12. ਯਾਕੂਬ** ਜਾਣਦਾ ਸੀ ਕਿ ਉਸ ਦੀ **ਮਾਤਾ** ਉਸ ਨੂੰ ਕਹਿ ਰਹੀ ਸੀ ਕਿ ਉਹ ਏਸਾਓ ਦੀ ਨਕਲ ਕਰਕੇ ਆਪਣੇ ਪਿਤਾ ਨੂੰ ਧੋਖਾ ਦੇਵੇ। ਉਸ ਨੇ ਉੱਤਰ ਦਿੱਤਾ, **ਵੇਖ ਮੇਰਾ ਭਰਾ ਏਸਾਓ ਜਤਾਉਲਾ ਮਨੁੱਖ ਹੈ ਅਰ ਮੈਂ ਰੋਮ ਹੀਣ ਮਨੁੱਖ ਹਾਂ** (ਵੇਖੋ 25:25)। ਉਹ ਜਾਣਦਾ ਸੀ ਕਿ ਜੇਕਰ ਇਸਹਾਕ ਨੇ ਕੋਸ਼ਿਸ਼ ਕੀਤੀ ਕਿ ਉਸ ਨੂੰ **ਟੋਹੇ**, ਤਾਂ ਉਸੇ ਵੇਲੇ ਉਸ ਨੂੰ ਇਸ ਚਾਲ ਦਾ ਪਤਾ ਲੱਗ ਜਾਵੇਗਾ ਅਤੇ ਉਹ ਛੋਟੇ ਪੁੱਤਰ ਨੂੰ ਇੱਕ **ਧੋਖੇ ਬਾਜ** ਦੇ ਰੂਪ ਵਿਚ ਵੇਖੇਗਾ। ਇਬਰਾਨੀ ਲਿਖਤ ਵਿਚ *ਧਾਅ* (*ਥਾ*) ਦਾ ਇੱਕ ਕ੍ਰਿੰਦਤ ਰੂਪ ਹੈ, ਜਿਸ ਦਾ ਹੋਰ ਵਧੀਕ ਸ਼ਾਬਦਿਕ ਅਨੁਵਾਦ "ਮਖੌਲ ਉਡਾਉਣ ਵਾਲਾ" (2 ਇਤਹਾਸ 36:16) ਜਾਂ "ਚਾਲਬਾਜ" (NJPSV) ਕੀਤਾ ਜਾ ਸਕਦਾ ਹੈ। ਬਾਅਦ ਵਿਚ, ਮੂਸਾ ਦੀ ਸ਼ਰਾ ਨੇ ਉਨ੍ਹਾਂ ਲੋਕਾਂ ਦੀ ਨਿੰਦਾ ਕੀਤੀ ਜਿਸ ਅਪੰਗ ਲੋਕਾਂ ਦਾ ਫਾਇਦਾ ਚੁੱਕਿਆ ਸੀ, ਖਾਸ ਤੌਰ ਤੇ ਅੰਨ੍ਹੇ ਲੋਕਾਂ ਦਾ (ਲੇਵੀਆਂ 19:14; ਬਿਵਸਥਾ ਸਾਰ 27:18)। ਇੱਥੋਂ ਤੱਕ ਕਿ ਜੇਕਰ ਇਸ ਧਾਰਣਾ ਨੂੰ ਯਾਕੂਬ ਦੇ ਸਮੇਂ ਵਿਚ ਸਮਝਿਆ ਗਿਆ ਹੁੰਦਾ, ਤਾਂ ਵੀ ਉਸਦਾ ਆਪਣੀ ਮਾਂ ਦੇ ਹੁਕਮ ਦੇ ਵਿਸ਼ੇ ਵਿਚ ਸ਼ੱਕ ਨੈਤਿਕ ਨਿਯਮਾਂ ਤੇ ਅਧਾਰਤ ਨਹੀਂ ਸੀ। ਇਸ ਦੇ ਉਲਟ, ਉਸ ਨੂੰ ਸਧਾਰਣ ਤੌਰ ਤੇ ਇਹ ਡਰ ਸੀ ਕਿ ਉਸ ਦਾ ਪਿਤਾ ਇਸ ਧੋਖੇ ਨੂੰ ਫੜ ਲਵੇਗਾ; ਤਾਂ, **ਬਰਕਤ** ਦੀ ਬਜਾਇ, ਉਸ ਨੂੰ **ਸਰਾਪ** ਮਿਲੇਗਾ ਜੋ ਅਟਲ ਹੋਵੇਗਾ।

ਕਨਾਨ ਦੀ ਜਿੱਤ ਤੋਂ ਪਹਿਲਾਂ, ਜਦੋਂ ਮੋਆਬੀਆਂ ਨੇ ਬਲਿਆਮ ਨੂੰ ਭਾੜੇ ਤੇ ਸੱਦਿਆ, ਤਾਂ ਪਰਮੇਸ਼ੁਰ ਨੇ ਉਸ ਦੇ ਸ਼ਬਦਾਂ ਨੂੰ ਬਰਕਤਾਂ ਵਿਚ ਬਦਲ ਦਿੱਤਾ (ਗਿਣਤੀ 22:4-6, 12; 23:7, 8; ਬਿਵਸਥਾ ਸਾਰ 23:5; ਨਹਮਯਾਹ 13:2)। ਉਹ ਇੱਕ ਅਸਧਾਰਣ ਮਾਮਲਾ ਸੀ, ਕਿਉਂਕਿ ਪਰਮੇਸ਼ੁਰ ਨੇ ਨਬੀ ਨੂੰ ਮਨਾ ਕੀਤਾ ਸੀ ਕਿ ਉਹ ਉਸ ਦੇ ਲੋਕਾਂ ਨੂੰ ਸਰਾਪ ਨਾ ਦੇਵੇ। ਇਸ ਤੋਂ ਇਲਾਵਾ, ਇਹ ਘਟਨਾ ਯਾਕੂਬ ਦੇ ਜੀਵਨ ਵਿਚ ਬਹੁਤ ਦੇਰ ਬਾਅਦ ਵਿਚ ਹੋਈ ਸੀ। ਕੋਈ ਵੀ ਗੱਲ ਇਸ ਗੱਲ ਦਾ ਸੁਝਾਅ ਨਹੀਂ ਦਿੰਦੀ ਹੈ ਕਿ ਜੇਕਰ ਯਾਕੂਬ ਦੇ ਪਿਤਾ ਨੂੰ ਉਸ ਦੀ ਚਾਲਬਾਜੀ ਦੇ ਵਿਸ਼ੇ ਵਿਚ ਪਤਾ ਲੱਗੇ ਤਾਂ ਯਾਕੂਬ ਨੂੰ ਚੰਗੇ ਨਤੀਜੇ ਮਿਲਣ ਦਾ ਕਾਰਣ ਹੋਵੇਗਾ। ਇੱਕ ਨਿਯਮ ਦੇ ਰੂਪ ਵਿਚ, ਇੱਕ ਵਾਰ ਇੱਕ ਵਿਅਕਤੀ ਨੇ ਬਰਕਤ ਜਾਂ ਸਰਾਪ ਬੋਲ ਦਿੱਤਾ, ਤਾਂ ਇਸ ਨੂੰ ਬਦਲਿਆ ਨਹੀਂ ਜਾ ਸਕਦਾ।

**ਆਇਤ 13.** ਯਾਕੂਬ ਦੇ ਡਰ ਨੂੰ ਦੂਰ ਕਰਨ ਦੇ ਲਈ ਕਿ ਇਸਹਾਕ ਇਸ ਧੋਖੇ ਨੂੰ ਪਛਾਣ ਸਕਦਾ ਹੈ ਅਤੇ ਉਸ ਨੂੰ ਬਰਕਤ ਦੀ ਥਾਂ ਸਰਾਪ ਦੇ ਸਕਦਾ ਹੈ, ਰਿਬਕਾਹ ਨੇ ਇਹ ਕਹਿੰਦੇ ਹੋਏ ਉਸ ਨੂੰ ਯਕੀਨ ਦਿਵਾਇਆ, **ਮੇਰੇ ਪੁੱਤ੍ਰ ਤੇਰਾ ਸਰਾਪ ਮੇਰੇ ਉੱਤੇ ਆਵੇ**। ਹੋਰਨਾਂ ਸ਼ਬਦਾਂ ਵਿਚ, ਉਸ ਨੇ ਯਾਕੂਬ ਦੇ ਨਾਲ ਵਾਇਦਾ ਕੀਤਾ ਕਿ ਉਸ ਦੇ ਪਿਤਾ ਦੀ ਬਰਕਤ ਦੇ ਸਾਰੇ ਲਾਭ ਉਸ ਨੂੰ ਪ੍ਰਾਪਤ ਹੋਣਗੇ, ਤਾਂ ਵੀ ਜੇਕਰ ਉਨ੍ਹਾਂ ਦਾ ਧੋਖਾ ਅਸਫਲ ਵੀ ਹੋ ਗਿਆ ਤਾਂ ਵੀ ਉਸ ਨੂੰ ਸਰਾਪ ਦੀ

ਕੋਈ ਵੀ ਸਜ਼ਾ ਨਹੀਂ ਮਿਲੇਗੀ। ਰਿਬਕਾਹ ਆਪਣੀ ਯੋਜਨਾ ਦੀ ਖਾਤਰ ਆਪਣੇ ਜੀਵਨ ਅਤੇ ਵਿਆਹ ਤੇ ਪੈਣ ਵਾਲੇ ਗੰਭੀਰ ਨਤੀਜਿਆਂ ਨੂੰ ਸਹਿਣ ਦੇ ਲਈ ਤਿਆਰ ਹੈ; ਇਸ ਲਈ, ਉਸ ਨੇ ਯਾਕੂਬ ਨੂੰ ਬੇਨਤੀ ਕੀਤੀ ਕਿ **ਮੇਰੀ ਗੱਲ ਸੁਣ** ਦੋ ਜਵਾਨ ਮੇਮਣੇ ਫੜ ਲਿਆ ਤਾਂਕਿ ਉਹ ਉਨ੍ਹਾਂ ਨੂੰ ਇਸਹਾਕ ਦੇ ਭੋਜਨ ਲਈ ਤਿਆਰ ਕਰ ਸਕੇ (27:9)।

**ਆਇਤਾਂ 14-17.** ਅਗਲੀਆਂ ਕੁਝ ਆਇਤਾਂ ਉਨ੍ਹਾਂ ਕਦਮਾਂ ਦਾ ਵਰਣਨ ਕਰਦੇ ਹਨ ਜੋ ਰਿਬਕਾਹ ਨੇ ਆਪਣੀ ਧੋਖੇ ਦੀ ਯੋਜਨਾ ਨੂੰ ਪੂਰਾ ਕਰਨ ਦੇ ਲਈ ਚੁੱਕੇ ਸਨ। ਜਿਵੇਂ ਹੀ ਯਾਕੂਬ **ਆਪਣੀ ਮਾਤਾ ਕੋਲ ਲੈ** [ਮੇਮਣੇ] **ਆਇਆ**, ਉਸ ਨੇ ਉਹ **ਸੁਆਦਲਾ ਭੋਜਨ** ਤਿਆਰ ਕੀਤਾ ਜਿਹੜਾ ਉਸ ਦੇ ਪਿਤਾ ਨੂੰ **ਚੰਗਾ ਲਗਦਾ ਸੀ** (27:4, 7, 9)। ਇੱਥੇ, ਲਿਖਤ ਫਿਰ ਤੋਂ ਇਸ ਖੇਲ ਦੇ ਲਈ ਇਸਹਾਕ ਦੀ ਭੁੱਖ ਦਾ ਵਰਣਨ ਹੈ ਜਿਸ ਦੇ ਨਤੀਜੇ ਵਜੋਂ ਇਸਹਾਕ ਦੇ ਪੱਖ ਪਾਤ ਅਤੇ ਪਰਿਵਾਰ ਦੇ ਅੰਦਰ ਸੰਘਰਸ਼ ਅਤੇ ਵੰਡ ਹੋਈ।

ਭਾਵੇਂ **ਰਿਬਕਾਹ** ਨੇ ਆਪਣੇ ਪਤੀ ਦੇ ਧੋਖੇ ਦੇ ਬਾਰੇ ਕੁਝ ਨਹੀਂ ਕਿਹਾ ਸੀ ਪਰ ਜੇਕਰ ਉਸ ਦੇ ਛੋਟੇ ਪੁੱਤਰ ਦੇ ਕੱਪੜੇ ਉਸ ਦੇ ਵੱਡੇ ਪੁੱਤਰ ਦੀ ਤਰ੍ਹਾਂ ਮਹਿਸੂਸ ਨਾ ਹੋਣ ਜਾਂ ਉਹੋ ਜਿਹੀ ਸੁਗੰਧ ਨਾ ਦੇਣ ਤਾਂ ਕੀ ਹੋਵੇਗਾ, ਇਸ ਪ੍ਰਕਾਰ ਉਸ ਨੇ ਕੋਈ ਵੀ ਮੌਕਾ ਨਹੀਂ ਛੱਡਿਆ ਸੀ। ਉਸ ਨੇ ਯਾਕੂਬ ਨੂੰ **ਏਸਾਓ ਦੇ ਰਾਖਵੇਂ ਬਸਤ੍ਰ** ਪੁਆਵੇ **ਅਤੇ ਫਿਰ ਮੇਮਣਿਆਂ ਦੀਆਂ** [ਵਾਲਾਂ ਵਾਲੀਆਂ] **ਖੱਲਾਂ ਉਸ ਦੇ ਹੱਥਾਂ ਅਰ ਉਹ ਦੀ ਰੋਮ ਹੀਣ ਧੌਣ ਉੱਤੇ ਲਪੇਟੀਆਂ**। ਕੁਝ ਟਿੱਪਣੀਕਾਰ ਇਸ ਗੱਲ ਨੂੰ ਰੱਦਦੇ ਹਨ ਕਿ ਇਸਹਾਕ ਨੂੰ ਰਿਬਕਾਹ ਦੀ ਅਣਘੜਤ ਚਾਲ ਦੇ ਨਾਲ ਗੁਮਰਾਹ ਕੀਤਾ ਜਾ ਸਕਦਾ ਸੀ; ਪਰ, ਇਹ ਸੱਚਮੁੱਚ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਸ ਦੇ ਪਤੀ ਦੀਆਂ ਸਰੀਰਕ ਸ਼ਕਤੀਆਂ ਕਿੰਨੀਆਂ ਘੱਟ ਗਈਆਂ ਸਨ। ਇਸਹਾਕ ਦੀਆਂ ਸਿਰਫ ਅੱਖਾਂ ਹੀ ਕਮਜ਼ੋਰ ਨਹੀਂ ਸਨ, ਸਗੋਂ ਉਸ ਦੀ ਮਹਿਸੂਸ ਕਰਨ ਦੀ ਸ਼ਕਤੀ ਵੀ ਬਹੁਤ ਹੀ ਘੱਟ ਗਈ ਸੀ। ਅੰਤ ਵਿਚ, **ਸੁਆਦਲਾ ਭੋਜਨ** ਵੀ ਦਿੱਤਾ, ਜਿਸ ਵਿਚ **ਰੋਟੀ ਜਿਸ ਨੂੰ ਉਸ ਨੇ ਤਿਆਰ ਕੀਤਾ ਸੀ ਆਪਣੇ ਪੁੱਤ੍ਰ ਯਾਕੂਬ ਦੇ ਹੱਥ ਵਿਚ ਦਿੱਤਾ** ਤਾਂ ਕਿ ਉਹ ਭੋਜਨ ਨੂੰ ਇਸਹਾਕ ਦੇ ਕੋਲ ਲੈ ਜਾ ਸਕੇ।

## ਧੋਖੇ ਵਿਚ ਆਣ ਕੇ ਇਸਹਾਕ ਦਾ ਯਾਕੂਬ ਨੂੰ ਅਸੀਸ ਦੇਣਾ (27:18-29)

**18ਤਾਂ ਉਸ ਨੇ ਆਪਣੇ ਪਿਤਾ ਕੋਲ ਜਾਕੇ ਆਖਿਆ, ਪਿਤਾ ਜੀ ਤਾਂ ਉਸ ਆਖਿਆ, ਕੀ ਗੱਲ**
**ਹੈ? 19ਤੂੰ ਕੌਣ ਹੈਂ ਮੇਰੇ ਪੁੱਤ੍ਰ? ਯਾਕੂਬ ਆਪਣੇ ਪਿਤਾ ਨੂੰ ਆਖਿਆ, ਮੈਂ ਏਸਾਓ ਤੇਰਾ ਪਲੋਠਾ ਪੁੱਤ੍ਰ**
**ਹਾਂ। ਮੈਂ ਓਵੇਂ ਕੀਤਾ ਜਿਵੇਂ ਤੁਸੀਂ ਮੈਨੂੰ ਬੋਲੇ। ਉੱਠ ਬੈਠੋ ਅਰ ਮੇਰੇ ਸ਼ਿਕਾਰ ਤੋਂ ਖਾਓ ਤਾਂਜੋ ਤੁਹਾਡਾ**
**ਜੀਉ ਮੈਨੂੰ ਬਰਕਤ ਦੇਵੇ। 20ਇਸਹਾਕ ਨੇ ਆਪਣੇ ਪੁੱਤ੍ਰ ਨੂੰ ਆਖਿਆ, ਕਿੱਕੁਰ ਤੈਨੂੰ ਐਨੀ ਸ਼ਤਾਬੀ**
**ਏਹ ਲੱਭਾ ਮੇਰੇ ਪੁੱਤ੍ਰ? ਤਾਂ ਉਸ ਆਖਿਆ, ਯਹੋਵਾਹ ਤੁਹਾਡੇ ਪਰਮੇਸ਼ੁਰ ਨੇ ਉਹ ਨੂੰ ਮੇਰੇ ਅੱਗੇ ਲਾ**
**ਦਿੱਤਾ। 21ਤਾਂ ਇਸਹਾਕ ਨੇ ਯਾਕੂਬ ਨੂੰ ਆਖਿਆ, ਹੇ ਮੇਰੇ ਪੁੱਤ੍ਰ ਮੇਰੇ ਨੇੜੇ ਆ ਤਾਂਜੋ ਮੈਂ ਤੈਨੂੰ ਟੋਹਾਂ**
**ਭਈ ਤੂੰ ਮੇਰਾ ਓਹੋ ਪੁੱਤ੍ਰ ਏਸਾਓ ਹੈਂ ਕਿ ਨਹੀਂ। 22ਤਦ ਯਾਕੂਬ ਆਪਣੇ ਪਿਤਾ ਇਸਹਾਕ ਕੋਲ**
**ਗਿਆ ਅਰ ਓਸ ਉਹ ਨੂੰ ਟੋਹਕੇ ਆਖਿਆ, ਤੇਰੀ ਅਵਾਜ਼ ਤਾਂ ਯਾਕੂਬ ਦੀ ਹੈ ਪਰ ਹੱਥ ਏਸਾਓ ਦੇ**
**ਹਨ। 23ਓਸ ਉਹ ਨੂੰ ਨਾ ਪਛਾਤਾ ਕਿਉਂਜੋ ਉਹ ਦੇ ਹੱਥ ਉਹ ਦੇ ਭਰਾ ਏਸਾਓ ਦੇ ਹੱਥਾਂ ਵਰਗੇ**
**ਜਤਾਉਲੇ ਸਨ ਉਪਰੰਤ ਉਸ ਨੇ ਉਹ ਨੂੰ ਬਰਕਤ ਦਿੱਤੀ। 24ਓਸ ਆਖਿਆ, ਕੀ ਤੂੰ ਸੱਚ ਮੁੱਚ**
**ਮੇਰਾ ਪੁੱਤ੍ਰ ਏਸਾਓ ਹੀ ਹੈਂ? ਤਦ ਓਸ ਆਖਿਆ, ਮੈਂ ਹਾਂ। 25ਓਸ ਆਖਿਆ, ਉਹ ਨੂੰ ਮੇਰੇ ਨੇੜੇ**

**ਲਿਆ ਭਈ ਮੈਂ ਆਪਣੇ ਪੁੱਤ੍ਰ ਦੇ ਸ਼ਿਕਾਰ ਵਿੱਚੋਂ ਖਾਵਾਂ ਤਾਂਜੋ ਮੇਰਾ ਜੀਉ ਤੈਨੂੰ ਬਰਕਤ ਦੇਵੇ ਤਾਂ ਉਹ ਉਸ ਦੇ ਕੋਲ ਲੈ ਗਿਆ ਅਰ ਓਸ ਖਾਧਾ ਅਰ ਉਸ ਦੇ ਲਈ ਮਧ ਲਿਆਇਆ ਅਤੇ ਓਸ ਪੀਤੀ। [26]ਉਸ ਦੇ ਪਿਤਾ ਇਸਹਾਕ ਨੇ ਉਸ ਨੂੰ ਆਖਿਆ, ਮੇਰੇ ਨੇੜੇ ਆਕੇ ਮੈਨੂੰ ਚੁੰਮ ਮੇਰੇ ਪੁੱਤ੍ਰ। [27]ਫੇਰ ਓਸ ਨੇੜੇ ਜਾਕੇ ਉਸ ਨੂੰ ਚੁੰਮਿਆ ਤਾਂ ਓਸ ਉਸ ਦੇ ਬਸਤ੍ਰ ਦੀ ਬਾਸ਼ਨਾ ਸੁੰਘੀ ਅਰ ਉਸ ਨੂੰ ਬਰਕਤ ਦਿੱਤੀ। ਫੇਰ ਓਸ ਆਖਿਆ – ਵੇਖ, ਮੇਰੇ ਪੁੱਤ੍ਰ ਦੀ ਬਾਸ਼ਨਾ ਉਸ ਖੇਤ ਦੀ ਬਾਸ਼ਨਾ ਵਰਗੀ ਹੈ ਨੂੰ ਯਹੋਵਾਹ ਨੇ ਬਰਕਤ ਦਿੱਤੀ ਹੋਵੇ। [28]ਪਰਮੇਸ਼ੁਰ ਤੈਨੂੰ ਅਕਾਸ਼ ਦੀ ਤਰੇਲ ਤੋਂ ਤੇ ਧਰਤੀ ਦੀ ਚਿਕਨਾਈ ਤੋਂ, ਅਤੇ ਅਨਾਜ ਅਰ ਦਾਖਰਸ ਦੀ ਬਹੁਤਾਇਤ ਤੋਂ ਦੇਵੇ। [29]ਕੌਮਾਂ ਤੇਰੀ ਟਹਿਲ ਕਰਨ ਅਤੇ ਉੱਮਤਾਂ ਤੇਰੇ ਅੱਗੇ ਝੁਕਣ। ਤੂੰ ਆਪਣੇ ਭਰਾਵਾਂ ਦਾ ਸਰਦਾਰ ਹੋ ਅਤੇ ਤੇਰੀ ਮਾਤਾ ਦੇ ਪੁੱਤ੍ਰ ਤੇਰੇ ਅੱਗੇ ਝੁਕਣ। ਜਿਹੜਾ ਤੈਨੂੰ ਸਰਾਪ ਦੇਵੇ ਉਹ ਆਪ ਸਰਾਪਿਆ ਜਾਵੇ ਅਤੇ ਜਿਹੜਾ ਤੈਨੂੰ ਬਰਕਤ ਦੇਵੇ ਉਹ ਮੁਬਾਰਕ ਹੋਵੇ।**

**ਆਇਤ 18.** ਇਹ ਉਤਪਤ ਦੇ ਸਭ ਤੋਂ ਵੱਧ ਅਚੰਭੇ ਵਾਲੇ ਦ੍ਰਿਸ਼ਾਂ ਵਿਚੋਂ ਇੱਕ ਹੈ, ਜਿਸ ਵਿਚ ਪਾਠਕ ਹੈਰਾਨ ਹੋ ਜਾਂਦਾ ਹੈ ਕਿ ਕੀ ਇਸਹਾਕ ਨੂੰ ਪਤਾ ਲੱਗ ਜਾਵੇਗਾ ਕਿ ਛੋਟਾ ਪੁੱਤਰ ਉਸ ਨੂੰ ਧੋਖਾ ਦੇਣ ਅਤੇ ਉਸ ਦੀ ਇੱਛਾ ਨੂੰ ਅਸਫਲ ਕਰਨ ਦੀ ਜ਼ਾਲਮ ਯੋਜਨਾ ਵਿਚ ਸ਼ਾਮਲ ਹੈ। ਜਿਵੇਂ ਹੀ ਯਾਕੂਬ ਇਸਹਾਕ ਦੇ ਤੰਬੂ ਵਿਚ ਵੜਿਆ, ਉਸ ਨੇ ਇਹ ਕਹਿੰਦੇ ਹੋਏ, ਬੋਲਣ ਦੇ ਲਈ ਇੱਕ ਆਦਰਪੂਰਣ ਬੇਨਤੀ ਕੀਤੀ, **ਪਿਤਾ ਜੀ**। ਇਸਹਾਕ ਨੇ ਆਪਣੀ ਹਾਜ਼ਰੀ ਦੀ ਪੁਸ਼ਟੀ ਕਰਦੇ ਹੋਏ ਜਵਾਬ ਦਿੱਤਾ: **ਤੂੰ ਕੌਣ ਹੈਂ ਮੇਰੇ ਪੁੱਤ੍ਰ?**

**ਆਇਤ 19. ਯਾਕੂਬ** ਨੇ ਝੂਠ ਦੀ ਇੱਕ ਲੜੀ ਸ਼ੁਰੂ ਕਰ ਦਿੱਤੀ। ਪਹਿਲਾਂ, ਉਸ ਨੇ ਕਿਹਾ, **ਮੈਂ ਏਸਾਓ**, ਅਤੇ ਉਸ ਨੇ ਜੋੜਿਆ, **ਤੇਰਾ ਪਲੋਠਾ ਪੁੱਤ੍ਰ ਹਾਂ**। ਫਿਰ ਉਸ ਨੇ ਕਿਹਾ, **ਮੈਂ ਓਵੇਂ ਕੀਤਾ ਜਿਵੇਂ ਤੁਸੀਂ ਮੈਨੂੰ ਬੋਲੇ।** ਉਸ ਨੇ ਦਾਅਵਾ ਕੀਤਾ ਕਿ ਉਸ ਨੇ ਇੱਕ ਜੰਗਲੀ ਜਾਨਵਰ ਦਾ ਸ਼ਿਕਾਰ ਕਰਕੇ ਅਤੇ ਉਸ ਦੇ ਖਾਣ ਲਈ ਉਸ ਤੋਂ ਇੱਕ ਸੁਆਦਲਾ ਭੋਜਨ ਬਣਾ ਕੇ ਇਸਹਾਕ ਦੀ ਆਗਿਆ ਦਾ ਪਾਲਣ ਕੀਤਾ ਸੀ। ਇਸ ਲਈ, ਉਸ ਨੇ ਆਪਣੇ ਪਿਤਾ ਨੂੰ ਬੇਨਤੀ ਕੀਤੀ, **ਉੱਠ ਬੈਠੋ ਅਰ ਮੇਰੇ ਸ਼ਿਕਾਰ ਤੋਂ ਖਾਓ ਤਾਂਜੋ ਤੁਹਾਡਾ ਜੀਉ ਮੈਨੂੰ ਬਰਕਤ ਦੇਵੇ।** ਇਸ ਬੇਨਤੀ ਦੀ ਜਲਦਬਾਜ਼ੀ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਯਾਕੂਬ ਨੂੰ ਪਤਾ ਸੀ ਕਿ ਇਸ ਤੋਂ ਪਹਿਲਾਂ ਕਿ ਏਸਾਓ ਆ ਕੇ ਉਸ ਦੇ ਧੋਖੇ ਨੂੰ ਉਜਾਗਰ ਕਰ ਦੇਵੇ ਉਸ ਦੇ ਪਿਤਾ ਨੂੰ ਆਪਣਾ ਭੋਜਨ ਪੂਰਾ ਖਾ ਕੇ ਉਸ ਨੂੰ ਬਰਕਤ ਦੇਣੀ ਜ਼ਰੂਰੀ ਹੈ।

**ਆਇਤ 20. ਇਸਹਾਕ** ਇਸ ਗੱਲ ਤੋਂ ਜਾਣੂ ਸੀ ਕਿ ਏਸਾਓ ਇੱਕ ਹੁਨਰਮੰਦ ਸ਼ਿਕਾਰੀ ਸੀ, ਪਰ ਉਹ ਇਸ ਗੱਲ ਤੋਂ ਪਰੇਸ਼ਾਨ ਸੀ ਕਿ ਅਜੇ ਉਸ ਨੂੰ ਆਪਣੇ ਮਿਸ਼ਨ ਤੇ ਭੇਜਿਆਂ ਹੋਇਆਂ ਥੋੜਾ ਚਿਰ ਹੀ ਹੋਇਆ। ਉਸ ਨੇ ਪੁੱਛਿਆ, **ਕਿੱਕਰ ਤੈਨੂੰ ਐਨੀ ਸ਼ਤਾਬੀ ਏਹ ਲੱਭਾ ਮੇਰੇ ਪੁੱਤ੍ਰ?** ਉਸ ਦੇ ਪਿਤਾ ਦੇ ਦੁਆਰਾ ਦਿੱਤੀ ਗਈ ਇਸ ਚੇਤਾਵਨੀ ਨੇ ਯਾਕੂਬ ਨੂੰ ਹੈਰਾਨ ਕਰ ਦਿੱਤਾ। ਉਸ ਦਾ ਉੱਤਰ ਦੁੱਗਣਾ ਦੁਖਦਾਇਕ ਸੀ; ਕਿਉਂਕਿ ਇਸ ਝੂਠ ਵਿਚ ਯਹੋਵਾਹ ਦੇ ਪਵਿੱਤਰ ਨਾਮ ਦਿੱਤਾ ਗਿਆ ਹੈ। ਯਾਕੂਬ ਨੇ ਉੱਤਰ ਦਿੱਤਾ, **ਯਹੋਵਾਹ ਤੁਹਾਡੇ ਪਰਮੇਸ਼ੁਰ ਨੇ ਉਹ ਨੂੰ ਮੇਰੇ ਅੱਗੇ ਲਾ ਦਿੱਤਾ।** ਇਸ ਤਰ੍ਹਾਂ ਦੀ ਧੋਖਾਧੜੀ ਵਿਚ ਪਰਮੇਸ਼ੁਰ ਦੇ ਨਾਮ ਦੇ ਗਲਤ ਇਸਤੇਮਾਲ ਦੇ ਨਾਲ ਯਾਕੂਬ ਦਾ ਪਾਪ ਹੋਰ ਵੀ ਗਹਿਰਾ ਹੋ ਗਿਆ ਸੀ। ਉਹ ਇਹ ਦਾਅਵਾ ਕਰ ਰਿਹਾ ਸੀ ਕਿ ਭੋਜਨ ਲੈ ਕੇ ਜਲਦੀ ਆਉਣ ਲਈ ਪਰਮੇਸ਼ੁਰ ਜ਼ਿੰਮੇਵਾਰ ਸੀ। ਇਸ ਤੋਂ ਇਲਾਵਾ, ਸ਼ਬਦ "ਤੁਹਾਡੇ ਪਰਮੇਸ਼ੁਰ" ਇਸ ਗੱਲ ਨੂੰ ਪਰਗਟ ਕਰ ਸਕਦਾ ਹੈ ਕਿ, ਯਾਕੂਬ ਨੇ ਇਸ ਸਮੇਂ ਤੱਕ ਪਰਮੇਸ਼ੁਰ ਨੂੰ

ਆਪਣੇ ਪਰਮੇਸ਼ੁਰ ਦੇ ਰੂਪ ਵਿਚ ਨਹੀਂ ਵੇਖਿਆ ਸੀ। ਬਾਅਦ ਵਿਚ, ਜਦੋਂ ਉਸ ਨੇ ਉਸ ਨੂੰ ਆਪਣਾ ਪਰਮੇਸ਼ੁਰ ਬਣਾਉਣ ਦਾ ਫ਼ੈਸਲਾ ਕੀਤਾ, ਤਾਂ ਉਸ ਨੇ ਆਪਣੀ ਵਚਨਬੱਧਤਾ ਦੇ ਲਈ ਸ਼ਰਤਾਂ ਰੱਖੀਆਂ (28:20, 21; ਵੇਖੋ 31:5, 42; 32:9)।

**ਆਇਤਾਂ 21, 22. ਇਸਹਾਕ**, ਜੋ ਯਾਕੂਬ ਦੀਆਂ ਗੱਲਾਂ ਤੋਂ ਅਸੰਤੁਸ਼ਟ ਸੀ, ਉਸ ਨੇ ਕਿਹਾ, **ਹੇ ਮੇਰੇ ਪੁੱਤ੍ਰ ਮੇਰੇ ਨੇੜੇ ਆ ਤਾਂਜੋ ਮੈਂ ਤੈਨੂੰ ਟੋਹਾਂ ਭਈ ਤੂੰ ਮੇਰਾ ਓਹੋ ਪੁੱਤ੍ਰ ਏਸਾਓ ਹੈਂ ਕਿ ਨਹੀਂ।** ਰਿਬਕਾਹ ਨੇ ਆਪਣੇ ਬੁੱਢੇ ਪਤੀ ਨੂੰ ਧੋਖਾ ਦੇਣ ਦੇ ਲਈ ਕਾਫ਼ੀ ਚੰਗੀ ਤਰ੍ਹਾਂ ਭੇਸ ਬਣਾਇਆ ਹੋਇਆ ਸੀ। ਇਸ ਲਈ, ਜਦੋਂ **ਯਾਕੂਬ ਆਪਣੇ ਪਿਤਾ ਇਸਹਾਕ ਕੋਲ ਗਿਆ**, ਉਹ ਅਗਾਂਹ ਆਇਆ, **ਉਹ ਨੂੰ ਟੋਹਕੇ**, ਇਹ ਗੜਬੜੀ ਦੇ ਵਿਸ਼ੇ ਵਿਚ ਕਿਹਾ: **ਤੇਰੀ ਅਵਾਜ਼ ਤਾਂ ਯਾਕੂਬ ਦੀ ਹੈ ਪਰ ਹੱਥ ਏਸਾਓ ਦੇ ਹਨ।**

**ਆਇਤ 23.** ਇਸ ਬਿੰਦੂ ਤੇ, ਲੇਖਕ ਨੇ ਪਾਠਕ ਦੇ ਲਈ ਇੱਕ ਸਪੱਸ਼ਟੀਕਰਣ ਜੋੜਿਆ: **ਓਸ ਉਹ ਨੂੰ ਨਾ ਪਛਾਤਾ ਕਿਉਂਜੋ ਉਹ ਦੇ ਹੱਥ ਉਹ ਦੇ ਭਰਾ ਏਸਾਓ ਦੇ ਹੱਥਾਂ ਵਰਗੇ ਜਤਾਉਲੇ ਸਨ।** ਇਸਹਾਕ ਨੇ ਯਾਕੂਬ ਨੂੰ ਸੁਣਿਆ, ਪਰ ਉਸ ਨੇ ਸੋਚਿਆ ਕਿ ਉਸ ਨੇ ਏਸਾਓ ਨੂੰ ਮਹਿਸੂਸ ਕਰ ਰਿਹਾ ਸੀ; **ਉਪਰੰਤ ਉਸ ਨੇ ਉਹ ਨੂੰ ਬਰਕਤ ਦਿੱਤੀ**। ਇਸ ਕਥਨ ਤੋਂ ਲੇਖਕ ਦਾ ਕੀ ਅਰਥ ਸੀ, ਕਿਉਂਕ ਮਰਨ ਦੇ ਸਮੇਂ ਦੀ ਰਸਮੀ ਬਰਕਤ 27:27 ਆਇਤ ਤੱਕ ਨਹੀਂ ਦਿੱਤੀ ਗਈ ਸੀ? ਇੱਕ ਵਿਚਾਰ ਇਹ ਹੈ ਕਿ 27:23 ਵਿਚ ਇਸਹਾਕ ਦੇ ਰਾਹੀਂ ਦਿੱਤੀ ਗਈ ਬਰਕਤ ਉਸ ਬਰਕਤ ਤੋਂ ਘੱਟ ਮਹੱਤਵਪੂਰਣ ਸੀ ਜੋ ਬਾਅਦ ਵਿਚ ਦਿੱਤੀ ਗਈ ਸੀ।

**ਆਇਤ 24.** ਜਦੋਂ ਰਿਬਕਾਹ ਨੇ ਇਹ ਯੋਜਨਾ ਬਣਾਈ, ਉਸ ਨੇ ਆਪਣੇ ਜੌੜੇ ਪੁੱਤਰਾਂ ਦੀਆਂ ਅਵਾਜ਼ਾਂ ਵਿਚਲੇ ਅੰਤਰ ਤੋਂ ਇਲਾਵਾ ਹਰ ਇੱਕ ਚੀਜ਼ ਬਾਰੇ ਸੋਚਿਆ ਸੀ; ਇਸ ਲਈ ਉਹ ਯਾਕੂਬ ਨੂੰ ਇਹ ਸਿਖਾ ਨਾ ਸਕੀ ਕਿ ਉਹ ਏਸਾਓ ਵਰਗੀ ਅਵਾਜ਼ ਕਿਵੇਂ ਕੱਢ ਸਕਦਾ ਸੀ। ਇਸ ਕਾਰਣ ਇਸਹਾਕ ਨੂੰ ਉਸ ਵਿਅਕਤੀ ਦੀ ਪਹਿਚਾਣ ਦੇ ਵਿਸ਼ੇ ਵਿਚ ਕੁਝ ਸ਼ੱਕ ਸੀ ਜਿਸ ਦੇ ਨਾਲ ਉਹ ਗੱਲਾਂ ਕਰ ਰਿਹਾ ਸੀ, ਅਤੇ ਉਸ ਨੇ ਪੁੱਛਿਆ, **ਕੀ ਤੂੰ ਸੱਚ ਮੁੱਚ ਮੇਰਾ ਪੁੱਤ੍ਰ ਏਸਾਓ ਹੀ ਹੈਂ?** ਹੋ ਸਕਦਾ ਹੈ ਕਿ ਉਸ ਦੇ ਪ੍ਰਸ਼ਨ ਨੇ ਯਾਕੂਬ ਨੂੰ ਪਰੇਸ਼ਾਨ ਕਰ ਦਿੱਤਾ ਹੋਵੇ, ਪਰ ਉਸ ਨੇ ਉੱਤਰ ਦਿੱਤਾ, **ਮੈਂ ਹਾਂ।**

**ਆਇਤ 25.** ਆਪਣੇ ਪੁੱਤਰ ਦੀ ਸਪੱਸ਼ਟ ਪੁਸ਼ਟੀ ਨੂੰ ਸੁਣ ਕੇ, ਇਸਹਾਕ ਨੇ ਕਿਹਾ, **ਉਹ ਨੂੰ ਮੇਰੇ ਨੇੜੇ ਲਿਆ ਭਈ ਮੈਂ ਆਪਣੇ ਪੁੱਤ੍ਰ ਦੇ ਸ਼ਿਕਾਰ ਵਿੱਚੋਂ ਖਾਵਾਂ ਤਾਂਜੋ ਮੇਰਾ ਜੀਉ ਤੈਨੂੰ ਬਰਕਤ ਦੇਵੇ**। ਉਸ ਦੀ ਬੇਨਤੀ ਨੂੰ ਪੂਰਾ ਕਰਨ ਦੇ ਲਈ, ਯਾਕੂਬ ਆਪਣੇ ਪਿਤਾ ਨੂੰ ਸੁਆਦਲਾ ਭੋਜਨ ਦਿੱਤਾ, ਅਤੇ **ਓਸ** ਉਸ ਨੂੰ **ਖਾਧਾ**। ਯਾਕੂਬ **ਉਸ ਦੇ ਲਈ ਮਧ ਲਿਆਇਆ,** ਜੋ **ਓਸ ਪੀਤੀ**। ਯਾਕੂਬ ਆਪਣੇ ਪਿਤਾ ਦੇ ਲਈ ਮਧ ਕਿਉਂ ਲਿਆਇਆ ਸੀ? ਜਦਕਿ ਇਹ ਸ਼ਰਤ ਇਸਹਾਕ ਦੀ ਅਸਲੀ ਬੇਨਤੀ ਦੇ ਵਿਚ ਸ਼ਾਮਲ ਨਹੀਂ ਸੀ, ਇਸ ਲਈ ਅਸੀਂ ਨਿਸ਼ਚਤ ਨਹੀਂ ਹੋ ਸਕਦੇ। ਪਰ, ਪ੍ਰਾਚੀਨ ਨੇੜਲੇ ਪੂਰਬੀ ਸਭਿਆਚਾਰ ਦੇ ਅਧਿਕਾਰੀ ਇਹ ਸੁਝਾਅ ਦਿੰਦੇ ਹਨ: ਪਹਿਲਾ, ਪੁਰਾਤਨ ਸਮੇਂ ਵਿਚ ਮਧ ਭੋਜਨ ਦੇ ਸਮਝ ਪੀਤਾ ਜਾਣ ਵਾਲਾ ਵਿਸ਼ੇਸ਼ ਪਦਾਰਥ ਸੀ, ਖਾਸ ਤੌਰ ਤੇ ਇਹ ਭੋਜਨ ਦੇ ਰੂਪ ਵਿਚ ਮਹੱਤਵਪੂਰਣ ਹੁੰਦਾ ਸੀ (ਵੇਖੋ 14:18-20)। ਇਸਹਾਕ ਨੂੰ ਇਹ ਸਪੱਸ਼ਟ ਕਰਨ ਦੀ ਕੋਈ ਲੋੜ ਨਹੀਂ ਸੀ ਕਿ ਉਸ ਨੇ ਸਵੀਕਾਰ ਲਿਆ ਹੋਵੇ ਕਿ ਇਸ ਤਰ੍ਹਾਂ ਦੇ ਭੋਜਨ ਦੇ ਨਾਲ ਮਧ ਦਿੱਤੀ ਜਾਵੇਗੀ। ਦੂਸਰਾ, ਯਾਕੂਬ ਜਾਣਦਾ ਸੀ ਕਿ ਉਸ ਦੇ ਪਿਤਾ ਨੇ ਸ਼ਰਾਬ ਪੀ ਲਈ ਹੈ; ਅਤੇ ਹੋ ਸਕਦਾ ਹੈ ਕਿ ਉਸ ਨੇ ਉਮੀਦ ਰੱਖੀ ਹੋਵੇ ਕਿ ਉਹ ਇੰਨੀ ਸ਼ਰਾਬ ਪੀਵੇਗਾ

ਕਿ ਉਸ ਦੇ ਮਨ ਦੀ ਸ਼ਕਤੀ ਖਤਮ ਹੋ ਜਾਵੇਗੀ, ਤਾਂਕਿ ਉਹ ਕੋਈ ਹੋਰ ਸਵਾਲ ਨਾ ਪੁੱਛੇ ਅਤੇ ਉਨ੍ਹਾਂ ਦੀ ਯੋਜਨਾ ਨੂੰ ਉਜਾਗਰ ਨਾ ਕਰ ਸਕੇ। ਇਨ੍ਹਾਂ ਕਾਰਣਾਂ ਵਿਚੋਂ ਇੱਕ ਜਾਂ ਦੋਵਾਂ ਕਾਰਣਾਂ ਦੁਆਰਾ ਯਾਕੂਬ ਨੇ ਉਸ ਮਹੱਤਵਪੂਰਣ ਮੌਕੇ ਤੇ ਆਪਣੇ ਪਿਤਾ ਨੂੰ ਮਧ ਪਰੋਸੀ।

**ਆਇਤ 26.** ਸਪੱਸ਼ਟ ਹੈ ਕਿ, **ਇਸਹਾਕ** ਨੇ ਇੰਨੀ ਮਧ ਨਹੀਂ ਪੀਤੀ ਕਿ ਉਸ ਦਾ ਦਿਮਾਗ ਨਾ ਚੱਲੇ, ਕਿਉਂਕਿ ਉਸ ਨੂੰ ਹੁਣ ਵੀ ਇਸ ਸਾਰੇ ਮਾਮਲੇ ਦੇ ਵਿਸ਼ੇ ਵਿਚ ਕੁਝ ਸ਼ੱਕ ਸੀ। ਭਾਵੇਂ ਉਸ ਦੀ ਨਜ਼ਰ ਕਮਜ਼ੋਰ ਹੋ ਗਈ ਸੀ ਅਤੇ ਉਸ ਨੂੰ ਸੁਣਦਿਆਂ ਹੋਇਆਂ ਇੰਝ ਜਾਪ ਰਿਹਾ ਸੀ ਜਿਵੇਂ ਉਸ ਦੇ ਨਾਲ ਕੋਈ ਚਲਾਕੀ ਖੇਡੀ ਜਾ ਰਹੀ ਹੋਵੇ, ਉਸ ਨੇ ਉਲਝਣ ਨੂੰ ਹੱਲ ਕਰਨ ਦੀ ਆਖਰੀ ਕੋਸ਼ਿਸ਼ ਕੀਤੀ: ਕੀ ਇਹ ਉਸ ਦਾ ਵੱਡਾ ਪੁੱਤਰ ਹੈ ਜਾਂ ਛੋਟਾ ਪੁੱਤਰ? ਇਹ ਪਤਾ ਕਰਨ ਦੇ ਲਈ ਉਸ ਨੇ ਯਾਕੂਬ ਨੂੰ ਕਿਹਾ, **ਮੇਰੇ ਨੇੜੇ ਆਕੇ ਮੈਨੂੰ ਚੁੰਮ ਮੇਰੇ ਪੁੱਤ੍ਰ।** ਇਸ ਬੇਨਤੀ ਦੇ ਨਾਲ, ਬਿਰਧ ਪੁਰਖੇ ਨੇ ਆਪਣੇ ਇਸ ਵਿਸ਼ਵਾਸ ਨੂੰ ਪਰਗਟ ਕੀਤਾ ਕਿ ਉਸ ਦੀ ਸੁੰਘਣ ਦੀ ਸ਼ਕਤੀ ਅਜੇ ਵਿਚ ਇੰਨੀ ਤੇਜ਼ ਸੀ ਕਿ ਉਸ ਨੂੰ ਕਿਸੇ ਵੀ ਖਤਰੇ ਦੀ ਸੰਭਾਵਨਾ ਤੋਂ ਬਚਾ ਸਕਦੀ ਸੀ।

**ਆਇਤ 27.** ਬੇਨਤੀ ਦੇ ਪ੍ਰਤੀਉੱਤਰ ਵਿਚ, ਯਾਕੂਬ ਆਪਣੇ ਪਿਤਾ ਨੇੜੇ ਜਾ ਕੇ **ਉਸ ਨੂੰ ਚੁੰਮਿਆ; ਤਾਂ ਓਸ** [ਇਸਹਾਕ] **ਉਸ ਦੇ ਬਸਤ੍ਰ ਦੀ ਬਾਸ਼ਨਾ ਸੁੰਘੀ ਅਤੇ ਉਸ ਨੂੰ ਬਰਕਤ ਦਿੱਤੀ**। ਯਾਕੂਬ ਨੇ ਜੋ ਕੱਪੜੇ ਪਹਿਨੇ ਹੋਏ ਸਨ, ਅਤੇ ਜਿਨ੍ਹਾਂ ਖੱਲਾਂ ਦੇ ਨਾਲ ਉਸ ਨੇ ਆਪਣੀਆਂ ਬਾਹਵਾਂ ਅਤੇ ਗਲੇ ਨੂੰ ਢੱਕਿਆ ਹੋਇਆ ਸੀ ਉਨ੍ਹਾਂ ਦੀ ਬਾਸ਼ਨਾ ਦੇ ਕਾਰਣ, ਆਖਿਰਕਾਰ ਇਸਹਾਕ ਨੂੰ ਯਕੀਨ ਆ ਗਿਆ ਕਿ ਇਹ ਏਸਾਓ ਸੀ। ਇਸ ਲਈ, ਉਨ੍ਹਾਂ ਦੀ ਧੋਖੇਬਾਜ਼ੀ ਕੰਮ ਕਰ ਗਈ, ਅਤੇ ਇਸਹਾਕ ਨੇ ਏਸਾਓ ਦੇ ਦੁਆਰਾ ਚੌੜੇ ਖਾਲੀ ਸਥਾਨਾਂ ਅਤੇ ਰੜ ਦੇ ਨਾਲ ਪ੍ਰੇਮ ਦੇ ਕਾਰਣ ਜਿੱਥੇ ਉਹ ਸ਼ਿਕਾਰ ਕਰ ਸਕੇ ਇੱਕ ਟਿੱਪਣੀ ਕਰਦੇ ਹੋਏ ਬਰਕਤ ਨੂੰ ਸ਼ੁਰੂ ਕੀਤਾ। ਇਸ ਦੇ ਅਨੁਸਾਰ, ਉਸ ਨੇ ਵੇਖਿਆ, **ਵੇਖੋ, ਮੇਰੇ ਪੁੱਤ੍ਰ ਦੀ ਬਾਸ਼ਨਾ ਉਸ ਖੇਤ ਦੀ ਬਾਸ਼ਨਾ ਵਰਗੀ ਹੈ ਜਿਸ ਨੂੰ ਯਹੋਵਾਹ ਨੇ ਬਰਕਤ ਦਿੱਤੀ ਹੋਵੇ।**

**ਆਇਤ 28.** ਪਹਿਲੀ ਬਰਕਤ ਨੇ ਧਰਤੀ ਦੀ ਉਪਜਾਊ ਸ਼ਕਤੀ ਦਾ ਉਲੇਖ ਕਰਦੇ ਹੋਏ ਅਬਰਾਹਾਮ (12:1, 7) ਦੇ ਨਾਲ ਕੀਤੇ ਵਾਇਦੇ ਨੂੰ ਦੁਹਰਾਇਆ: **ਪਰਮੇਸ਼ੁਰ ਤੈਨੂੰ ਅਕਾਸ਼ ਦੀ ਤਰੇਲ ਤੋਂ ਤੇ ਧਰਤੀ ਦੀ ਚਿਕਨਾਈ ਤੋਂ, ਅਤੇ ਅਨਾਜ ਅਰ ਦਾਖਰਸ ਦੀ ਬਹੁਤਾਇਤ ਤੋਂ ਦੇਵੇ।** ਪ੍ਰਾਚੀਨ ਕਨਾਨ ਵਿਚ, ਮਿਸਰ ਵਿਚ ਪ੍ਰਚਲਿਤ ਸਿੰਜਾਈ ਦੇ ਨਾਲ ਕੋਈ ਖੇਤੀ ਨਹੀਂ ਕੀਤੀ ਜਾਂਦੀ ਸੀ। ਜ਼ਿਆਦਾਤਰ ਉਪਜ ਸੁੱਕੀ-ਭੂਮੀ ਦੀ ਖੇਤੀ ਤੋਂ ਆਉਂਦੀ ਸੀ, ਜੋ ਪਹਿਲਾਂ ਮੀਂਹ ਤੇ ਨਿਰਭਰ ਕਰਦੀ ਸੀ। ਪਰ, ਮੀਂਹ ਨਾ ਹੋਣ ਦੇ ਗਰਮੀਆਂ ਦੇ ਸਮੇਂ ਵਿਚ ਫ਼ਸਲਾਂ ਨੂੰ ਪਕਾਉਣ ਦੇ ਲਈ, ਭੂ-ਮੱਧ ਸਾਗਰ ਤੋਂ ਹਵਾ ਦੇ ਦੁਆਰਾ ਲਿਆਈ ਜਾਣ ਵਾਲੀ "ਤ੍ਰੇਲ" ਵੀ ਬਹੁਤ ਜ਼ਰੂਰੀ ਹੁੰਦੀ ਸੀ। "ਧਰਤੀ ਦੀ ਚਿਕਨਾਈ" ਦਾ ਹਵਾਲਾ ਫ਼ਸਲ ਦੀ ਬਹੁਤਾਇਤ ਦਾ ਵਰਣਨ ਕਰਨ ਦਾ ਇਹ ਪ੍ਰਤੀਕਾਤਮਕ ਤਰੀਕਾ ਹੈ, ਖਾਸ ਤੌਰ ਤੇ ਮੁੱਖ ਫ਼ਸਲਾਂ ਜਿਵੇਂ "ਅਨਾਜ ਅਤੇ ਦਾਖਰਸ ਦੀ ਬਹੁਤਾਇਤ।"

ਭਾਵੇਂ ਇਸਹਾਕ ਅਤੇ ਉਸ ਦੇ ਘਰਾਣੇ ਦੇ ਲੋਕ ਮੁੱਖ ਰੂਪ ਵਿਚ ਅਯਾਲੀ ਅਤੇ ਪਾਲੀ ਸਨ, ਪਰ ਫਿਰ ਵੀ ਗਰਾਰ ਦੇ ਇਲਾਕੇ ਵਿਚ ਰਹਿੰਦਿਆਂ ਹੋਇਆਂ ਇੱਕ ਬਹੁਤ ਵੱਡੀ ਫਸਲ ਬੀਜੀ ਅਤੇ ਵੱਢੀ (26:12-14)। ਕਨਾਨ ਦੀ ਭੂਮੀ ਤੇ ਕਬਜ਼ਾ ਕਰਨ ਤੋਂ ਬਾਅਦ, ਯਾਕੂਬ ਦੀ ਸੰਤਾਨ, ਇਸਰਾਏਲੀਆਂ, ਕਾਫੀ ਵੱਡੀ ਸੰਖਿਆ ਵਿਚ ਖੇਤੀਬਾੜੀ ਕਰਨ ਵਿਚ ਲੱਗ ਪਏ। ਜਿੱਤਣ ਤੋਂ ਪਹਿਲਾਂ, ਪ੍ਰਭੂ ਨੇ ਵਾਇਦਾ ਕੀਤਾ ਸੀ ਕਿ ਜੇਕਰ ਉਹ ਨੇਮ ਦੇ ਪ੍ਰਤਿ ਵਫ਼ਾਦਾਰ ਰਹਿਣਗੇ ਤਾਂ

ਉਨ੍ਹਾਂ ਨੂੰ ਧਰਤੀ ਤੋਂ ਭਰਪੂਰ ਫ਼ਸਲ ਪ੍ਰਾਪਤ ਹੋਵੇਗੀ (ਬਿਵਸਥਾ ਸਾਰ 7:13; 11:14; 33:28)। ਇਸਹਾਕ ਦੀ ਬਰਕਤ ਦੇ ਵਾਂਗ, ਇਨ੍ਹਾਂ ਵਾਇਦਿਆਂ ਵਿਚ "ਤਰੇਲ," "ਅਨਾਜ," ਅਤੇ "ਨਵੀਂ ਦਾਖਰਸ" ਦੀ ਬਹੁਤਾਇਤ ਸ਼ਾਮਲ ਸੀ।

**ਆਇਤ 29.** ਖੇਤੀਬਾੜੀ ਦੀ ਸਫਲਤਾ ਦਾ ਵਰਣਨ ਕਰਨ ਤੋਂ ਬਾਅਦ, ਇਸਹਾਕ ਦੀ ਬਰਕਤ ਨੇ ਅਬਰਾਹਾਮ ਦੇ ਨਾਲ ਕੀਤੇ ਪਰਮੇਸ਼ੁਰ ਦੇ ਵਾਇਦੇ ਦੀ ਤਰਤੀਬ ਨੂੰ ਜਾਰੀ ਰੱਖਿਆ, ਜਿਸ ਦਾ ਅਗਲਾ ਉਲੇਖ "ਇੱਕ ਵੱਡੀ ਕੌਮ" ਹੈ (12:2)। ਇਸਹਾਕ ਨੇ ਇਸ ਗੱਲ ਨੂੰ ਜੋੜਿਆ ਕਿ ਯਾਕੂਬ ਦੀ ਸੰਤਾਨ ਵੱਸੇ ਹੋਏ ਲੋਕਾਂ ਦੇ ਰੂਪ ਵਿਚ ਉੱਠਣਗੇ ਜੋ ਆਪਣੇ ਦੇਸ ਵਿਚ ਵੱਸ ਰਹੇ ਹੋਣ ਅਤੇ ਆਪਣੀ ਸਮਾਜਿਕ, ਆਰਥਿਕ, ਅਤੇ ਰਾਜਨੀਤਿਕ ਸਥਿਤੀ ਨੂੰ ਸਥਾਪਤ ਕਰਨਗੇ। ਬਰਕਤ ਦੂਰ ਦੇ ਭਵਿੱਖ ਵਿਚ ਫੈਲੀ ਹੋਈ ਹੈ, ਉਸ ਨੂੰ ਆਪਣੇ ਪੁੱਤਰ ਦੀ ਵੰਸ਼ਾਵਲੀ ਨੂੰ ਇੱਕ ਰਾਸ਼ਟਰ ਦੇ ਰੂਪ ਵਿਚ ਵੱਧਣ ਦੀ ਉਮੀਦ ਹੈ ਜੋ ਰਾਜਨੀਤਿਕ ਦੁਸ਼ਮਣਾਂ ਨੂੰ ਹਰਾਉਣ ਲਈ ਕਾਫੀ ਹੋਵੇਗਾ। ਇਸਹਾਕ ਨੇ ਇਹ ਕਹਿ ਕੇ ਇਸ ਸਫਲਤਾ ਦੀ ਕਲਪਨਾ ਕੀਤੀ, **ਕੌਮਾਂ ਤੇਰੀ ਟਹਿਲ ਕਰਨ ਅਤੇ ਉੱਮਤਾਂ ਤੇਰੇ ਅੱਗੇ ਝੁਕਣ।**[5]

ਘਰਾਣੇ ਦੇ ਨਜ਼ਦੀਕ, ਯਾਕੂਬ [ਆਪਣੇ] **ਭਰਾਵਾਂ ਦਾ ਸਰਦਾਰ** ਹੋਵੇ; ਉਸ ਦੀ **ਮਾਤਾ ਦੇ ਪੁੱਤ੍ਰ** ਉਸ ਦੇ **ਅੱਗੇ ਝੁਕਣ** (ਵੇਖੋ 25:23)। ਉਤਪਤ ਦੀ ਪੁਸਤਕ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦੀ ਕਿ ਇਸਹਾਕ ਅਤੇ ਰਿਬਕਾਹ ਦੇ ਏਸਾਓ ਅਤੇ ਯਾਕੂਬ ਦੇ ਇਲਾਵਾ ਹੋਰ ਪੁੱਤਰ ਵੀ ਸਨ, ਪਰ "ਪੁੱਤ੍ਰ" ਦਾ ਇਸਤੇਮਾਲ ਅਕਸਰ ਉਸ ਸਮੇਂ ਦੀ ਸੰਤਾਨ ਦੀ ਬਜਾਇ ਬਾਅਦ ਵਿਚ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਕੀਤਾ ਜਾਂਦਾ ਸੀ। ਉਦਾਹਰਣ ਦੇ ਤੌਰ ਤੇ, ਯਿਸੂ ਨੂੰ, ਅਬਰਾਹਾਮ ਅਤੇ ਦਾਊਦ ਦੋਵਾਂ ਦਾ "ਪੁੱਤਰ" ਕਿਹਾ ਗਿਆ ਹੈ ਮੱਤੀ 1:1. ਕੁਝ ਪ੍ਰਸੰਗਾਂ ਵਿਚ, "ਭਰਾ" ਅਕਸਰ "ਸੰਬੰਧੀਆਂ" ਜਾਂ "ਰਿਸ਼ਤੇਦਾਰਾਂ" ਦਾ ਉਲੇਖ ਕਰਦਾ ਹੈ (13:8; 16:12; 24:27; 25:18; 31:46)। ਮਹੱਤਵਪੂਰਣ ਵਿਚਾਰ ਇਹ ਹੈ ਕਿ, ਇਸ ਬਰਕਤ ਵਿਚ, ਉਸ ਨੇ ਅਣਇੱਛਾ ਨਾਲ ਯਾਕੂਬ ਦੀ ਸੰਤਾਨ ਨੂੰ ਕਬੀਲੇ ਦੀ ਸਰਦਾਰੀ ਪ੍ਰਦਾਨ ਕੀਤੀ ਜੋ ਇਸਹਾਕ ਅਤੇ ਰਿਬਕਾਹ ਤੋਂ ਪੈਦਾ ਹੋਵੇਗਾ। ਭਾਵੇਂ ਸਾਨੂੰ ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਹੈ ਕਿ ਏਸਾਓ ਜਾਂ ਉਸ ਦੇ ਪੁੱਤਰ ਅਸਲ ਵਿਚ ਕਦੀ ਵੀ ਯਾਕੂਬ ਦੇ ਸਾਹਮਣੇ ਝੁਕੇ ਸਨ ਜਾਂ ਉਸ ਦੀ ਸੇਵਾ ਕੀਤੀ ਸੀ, ਪਰ ਉਸ ਦੀ ਸੰਤਾਨ (ਅਦੋਮੀ) ਦਾਊਦ ਦੇ ਸਮੇਂ ਵਿਚ ਯਾਕੂਬ ਦੀ ਸੰਤਾਨ (ਇਸਰਾਏਲੀਆਂ) ਦੇ ਅਧੀਨ ਹੋਣਗੇ (2 ਸਮੂਏਲ 8:14)।

ਯਾਕੂਬ ਉੱਤੇ ਇਸਹਾਕ ਦੀ ਬਰਕਤ ਦੇ ਆਖਰੀ ਪਹਿਲੂ ਨੇ ਪਰਮੇਸ਼ੁਰ ਦੁਆਰਾ ਅਬਰਾਹਾਮ ਦੇ ਨਾਲ ਕੀਤੇ ਵਾਇਦਿਆਂ ਨੂੰ ਵੀ ਇਸ ਦੇ ਸਮਾਂਤਰ ਕੀਤਾ (12:3), ਸਿਰਫ ਉਸ ਨੇ ਇਹ ਕਹਿਣ ਦੇ ਦੁਆਰਾ ਉਸ ਦੇ ਕ੍ਰਮ ਨੂੰ ਉਲਟ ਦਿੱਤਾ, **ਜਿਹੜਾ ਤੈਨੂੰ ਸਰਾਪ ਦੇਵੇ ਉਹ ਆਪ ਸਰਾਪਿਆ ਜਾਵੇ ਅਤੇ ਜਿਹੜਾ ਤੈਨੂੰ ਬਰਕਤ ਦੇਵੇ ਉਹ ਮੁਬਾਰਕ ਹੋਵੇ।** ਲਿਖਤ ਵਿਚ ਇਸ ਦੇ ਉਲਟ ਹੋਣ ਦਾ ਕੋਈ ਕਾਰਣ ਨਹੀਂ ਦਿੱਤਾ ਗਿਆ; ਪਰ ਜਦੋਂ ਪਰਮੇਸ਼ੁਰ ਨੇ ਯਾਕੂਬ ਦੇ ਦਾਦੇ ਨੂੰ ਮਸੋਪੋਤਾਮੀਆ ਤੋਂ ਬੁਲਾਇਆ ਸੀ, ਤਾਂ ਉਸ ਦਾ ਜ਼ੋਰ ਸਰਾਪਾਂ ਦੀ ਬਜਾਇ ਬਰਕਤਾਂ ਦੇ ਉੱਤੇ ਸੀ। ਅਬਰਾਹਾਮ ਦੇ ਲਈ ਪਰਮੇਸ਼ੁਰ ਦੀ ਖੁਸ਼ਖਬਰੀ ਇਹ ਸੀ ਕਿ ਉਹ ਉਸ ਦੇ ਵਿਸ਼ਵਾਸ ਨੂੰ ਉਨ੍ਹਾਂ ਬਰਕਤਾਂ ਤੋਂ ਪਰੇ ਵਧਾਉਣਾ ਚਾਹੁੰਦਾ ਸੀ ਜੋ ਉਹ ਨਿਜੀ ਤੌਰ ਤੇ ਅਨੁਭਵ ਕਰੇਗਾ। ਸੰਖੇਪ ਵਿਚ, ਪ੍ਰਭੂ ਚਾਹੁੰਦਾ ਸੀ ਕਿ ਪੁਰਖਾ ਆਪਣੀਆਂ ਵਿਸ਼ਵਾਸ ਦੀਆਂ ਅੱਖਾਂ ਨਾਲ ਵੇਖ ਸਕੇ ਕਿ ਉਹ ਉਸ ਦੀ ਸੰਤਾਨ ਦੇ ਦੁਆਰਾ ਕੀ ਪੂਰਾ ਕਰਨਾ ਚਾਹੁੰਦਾ ਸੀ ਜਦੋਂ ਉਸ ਨੇ ਆਪਣੀਆਂ

ਬਰਕਤਾਂ ਉਸ ਉੱਤੇ ਉਂਡੇਲੀਆਂ ਸਨ ਕਿ "ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ" (12:3)।

ਇਸਹਾਕ ਦੇ ਮਨ ਵਿਚ "ਸਰਾਪ" ਸ਼ਾਇਦ ਫ਼ਿਲਿਸਤੀਆਂ ਦੇ ਨਾਲ ਆਪਣੇ ਬੁਰੇ ਤਜ਼ਰਬਿਆਂ ਦੇ ਕਾਰਣ ਸੀ। ਇੱਕ ਅਰਥ ਵਿਚ, ਉਨ੍ਹਾਂ ਨੇ ਉਸ ਦੇ ਕੁਝ ਖੂਹਾਂ ਨੂੰ ਹੜੱਪ ਲੈਣ ਅਤੇ ਹੋਰਨਾਂ ਨੂੰ ਪੂਰ ਕੇ ਉਸ ਨੂੰ ਸਰਾਪ ਦਿੱਤਾ ਸੀ (26:15-22)। ਅਜਿਹੇ ਲੜਾਈ ਦੇ ਵਿਚਾਰਾਂ ਨੇ ਸ਼ਾਇਦ ਉਸ ਦੀ ਪ੍ਰਾਰਥਮਿਕਤਾ ਨੂੰ ਉਸ ਤੋਂ ਉਲਟਾ ਕਰ ਦਿੱਤਾ ਸੀ ਜਿਸ ਦੀ ਪਰਮੇਸ਼ੁਰ ਨੇ ਮੂਲ ਰੂਪ ਵਿਚ ਘੋਸ਼ਣਾ ਕੀਤੀ ਸੀ। ਇੱਕ ਚਿੰਤਾ ਕਰਨ ਵਾਲੇ ਪਿਤਾ ਦੇ ਰੂਪ ਵਿਚ, ਸ਼ਾਇਦ ਉਸ ਨੇ ਆਪਣੇ ਪੁੱਤਰ ਦੇ ਉੱਤੇ ਆ ਸਕਣ ਵਾਲੇ ਸੰਭਾਵਿਤ ਸਰਾਪਾਂ – ਧਮਕੀਆਂ ਅਤੇ ਵਿਰੋਧਤਾ ਨੂੰ ਰੱਬੀ ਬਰਕਤਾਂ ਤੋਂ ਅੱਗੇ ਵੇਖਿਆ ਹੋਵੇਗਾ। ਉਸ ਨੇ ਪਹਿਲਾਂ ਤੋਂ ਹੀ ਪਰਮੇਸ਼ੁਰ ਦੀਆਂ ਭਰਪੂਰ ਬਰਕਤਾਂ ਨੂੰ ਮਾਣਿਆ ਹੋਵੇਗਾ, ਜਿਵੇਂ ਭਰਪੂਰ ਮਾਤਰਾ ਵਿਚ ਪਾਣੀ, ਧਰਤੀ ਦਾ ਉਪਜਾਊਪਣ, ਅਤੇ ਅਣਗਿਣਤ ਭੇਡਾਂ-ਬੱਕਰੀਆਂ ਅਤੇ ਵੱਗ; ਅਤੇ ਉਹ ਇਨ੍ਹਾਂ ਨੂੰ ਆਪਣੀ ਸੰਤਾਨ ਨੂੰ ਵੀ ਦੇਣਾ ਚਾਹੁੰਦਾ ਸੀ।

ਆਪਣੀ ਮਾਂ ਦੀ ਮਦਦ ਅਤੇ ਜ਼ੋਰ ਨਾਲ, ਯਾਕੂਬ, ਇਸਹਾਕ ਦੇ ਕੋਲੋਂ ਆਪਣੇ ਭਰਾ ਦੀ ਬਰਕਤ ਨੂੰ ਖੋਹਣ ਵਿਚ ਸਫਲ ਰਿਹਾ। ਜਦਕਿ ਏਸਾਓ ਨੇ ਆਪਣੇ ਜੇਠੇ ਦੇ ਅਧਿਕਾਰ ਦੇ ਵਿਸ਼ੇ ਵਿਚ ਥੋੜਾ-ਬਹੁਤਾ ਪਛਤਾਵਾ ਕੀਤਾ ਸੀ, ਪਰ ਬਰਕਤ ਇੱਕ ਅਜਿਹੀ ਚੀਜ਼ ਸੀ ਜਿਸ ਨੂੰ ਉਹ ਬਹੁਤ ਹੀ ਚਾਹੁੰਦਾ ਸੀ। ਅੰਤ ਵਿਚ, ਯਾਕੂਬ ਦੇ ਧੋਖੇ ਦੇ ਗੰਭੀਰ ਸਿੱਟੇ ਨਿਕਲੇ ਸਨ।

## ਏਸਾਓ ਦੀ ਅਸੀਸ ਦਾ ਸਰਾਪ ਵਰਗਾ ਹੋਣਾ (27:30-40)

**30ਤਾਂ ਐਉਂ ਹੋਇਆ ਕਿ ਜਦੋਂ ਇਸਹਾਕ ਯਾਕੂਬ ਨੂੰ ਬਰਕਤ ਦੇ ਹਟਿਆ ਅਤੇ ਯਾਕੂਬ
ਆਪਣੇ ਪਿਤਾ ਇਸਹਾਕ ਕੋਲੋਂ ਬਾਹਰ ਨਿੱਕਲਿਆ ਹੀ ਸੀ ਕਿ ਉਸ ਦਾ ਭਰਾ ਏਸਾਓ ਸ਼ਿਕਾਰੋਂ
ਆਇਆ। 31ਤਾਂ ਉਸ ਨੇ ਵੀ ਸੁਆਦਲਾ ਭੋਜਨ ਤਿਆਰ ਕੀਤਾ ਅਰ ਆਪਣੇ ਪਿਤਾ ਕੋਲ
ਲਿਆਇਆ ਅਤੇ ਆਪਣੇ ਪਿਤਾ ਨੂੰ ਆਖਿਆ ਭਈ ਮੇਰਾ ਪਿਤਾ ਉੱਠੇ ਅਰ ਆਪਣੇ ਪੁੱਤ੍ਰ ਦੇ
ਸ਼ਿਕਾਰ ਤੋਂ ਖਾਵੇ ਅਤੇ ਤੁਹਾਡਾ ਜੀਉ ਮੈਨੂੰ ਬਰਕਤ ਦੇਵੇ। 32ਤਾਂ ਉਸ ਦੇ ਪਿਤਾ ਇਸਹਾਕ ਨੇ ਉਹ
ਨੂੰ ਆਖਿਆ, ਤੂੰ ਕੌਣ ਹੈਂ? ਤਾਂ ਉਸ ਆਖਿਆ, ਮੈਂ ਤੁਹਾਡਾ ਪਲੋਠਾ ਪੁੱਤ੍ਰ ਏਸਾਓ ਹਾਂ। 33ਤਾਂ
ਇਸਹਾਕ ਨੇ ਅਤਯੰਤ ਥਰ ਥਰ ਕੰਬਦੇ ਹੋਏ ਆਖਿਆ, ਫੇਰ ਉਹ ਕੌਣ ਹੈ ਸੀ ਜਿਹੜਾ ਸ਼ਿਕਾਰ
ਮਾਰਕੇ ਮੇਰੇ ਕੋਲ ਲਿਆਇਆ? ਮੈਂ ਸਾਰੇ ਵਿੱਚੋਂ ਤੇਰੇ ਆਉਣ ਤੋਂ ਪਹਿਲਾਂ ਖਾਧਾ ਅਰ ਮੈਂ ਉਸੇ ਨੂੰ
ਬਰਕਤ ਦਿੱਤੀ ਸੋ ਉਹ ਜ਼ਰੂਰ ਮੁਬਾਰਕ ਹੋਵੇਗਾ। 34ਜਦ ਏਸਾਓ ਨੇ ਆਪਣੇ ਪਿਤਾ ਦੀਆਂ ਗੱਲਾਂ
ਸੁਣੀਆਂ ਤਾਂ ਅਤਯੰਤ ਕੁੜੱਤਣ ਨਾਲ ਭੁੱਬਾਂ ਮਾਰ ਕੇ ਆਪਣੇ ਪਿਤਾ ਨੂੰ ਆਖਿਆ, ਮੇਰੇ ਪਿਤਾ
ਮੈਨੂੰ, ਹਾਂ, ਮੈਨੂੰ ਵੀ ਬਰਕਤ ਦਿਓ। 35ਤਾਂ ਉਸ ਆਖਿਆ ਤੇਰਾ ਭਰਾ ਧੋਖੇ ਨਾਲ ਆਕੇ ਤੇਰੀ
ਬਰਕਤ ਲੈ ਗਿਆ। 36ਉਸ ਨੇ ਆਖਿਆ, ਕੀ ਉਸ ਦਾ ਨਾਉਂ ਠੀਕ ਯਾਕੂਬ ਨਹੀਂ ਰੱਖਿਆ ਗਿਆ
ਕਿ ਓਸ ਹੁਣ ਦੂਜੀ ਵਾਰ ਮੇਰੇ ਸੰਗ ਧੋਖਾ ਕੀਤਾ ਹੈ? ਉਸ ਨੇ ਪਲੋਠੀ ਦਾ ਹੱਕ ਵੀ ਲੈ ਲਿਆ
ਅਰ ਵੇਖੋ ਹੁਣ ਮੇਰੀ ਬਰਕਤ ਵੀ ਲੈ ਲਈ ਤਾਂ ਓਸ ਆਖਿਆ, ਕੀ ਤੁਸੀਂ ਮੇਰੇ ਲਈ ਕੋਈ
ਬਰਕਤ ਨਹੀਂ ਰੱਖ ਛੱਡੀ? 37ਤਾਂ ਇਸਹਾਕ ਨੇ ਏਸਾਓ ਨੂੰ ਏਹ ਉੱਤ੍ਰ ਦਿੱਤਾ, ਵੇਖ ਮੈਂ ਉਹ ਨੂੰ
ਤੇਰਾ ਸਰਦਾਰ ਠਹਿਰਾਇਆ ਅਤੇ ਉਸ ਦੇ ਸਾਰੇ ਭਰਾਵਾਂ ਨੂੰ ਉਸ ਦੀ ਸੇਵਾ ਲਈ ਦਿੱਤਾ ਅਰ
ਅਨਾਜ ਅਰ ਦਾਖਰਸ ਉਸ ਨੂੰ ਦਿੱਤੀ। ਹੁਣ ਮੇਰੇ ਪੁੱਤ੍ਰ ਮੈਂ ਤੇਰੇ ਲਈ ਕੀ ਕਰਾਂ? 38ਤਾਂ ਏਸਾਓ
ਆਪਣੇ ਪਿਤਾ ਨੂੰ ਆਖਿਆ, ਮੇਰੇ ਪਿਤਾ ਕੀ ਤੁਹਾਡੇ ਕੋਲ ਇੱਕੋ ਹੀ ਬਰਕਤ ਹੈ? ਹੇ ਮੇਰੇ ਪਿਤਾ**

**ਮੈਨੂੰ ਵੀ ਬਰਕਤ ਦਿਓ ਤਾਂ ਏਸਾਓ ਉੱਚੀ ਉੱਚੀ ਭੁੱਭਾਂ ਮਾਰੀਆਂ ਅਰ ਰੋਇਆ। [39]ਉਹ ਦੇ ਪਿਤਾ ਇਸਹਾਕ ਨੇ ਉਹ ਨੂੰ ਏਹ ਉੱਤ੍ਰ ਦਿੱਤਾ – ਵੇਖ, ਧਰਤੀ ਦੀ ਚਿਕਨਾਈ ਅਤੇ ਉੱਪਰੋਂ ਅਕਾਸ਼ ਦੀ ਤਰੇਲ ਤੋਂ ਤੇਰਾ ਰਹਿਣਾ ਹੋਊ। [40]ਤੂੰ ਆਪਣੀ ਤੇਗ ਨਾਲ ਜੀਵੇਂਗਾ ਅਰ ਤੂੰ ਆਪਣੇ ਭਰਾ ਦੀ ਟਹਿਲ ਕਰੇਂਗਾ, ਅਰ ਐਉਂ ਹੋਵੇਗਾ ਕਿ ਜਦ ਤੂੰ ਅਵਾਰਾ ਫਿਰੇਂਗਾ ਤਾਂ ਤੂੰ ਉਹ ਦਾ ਜੂਲਾ ਆਪਣੀ ਧੌਣ ਉੱਤੋਂ ਭੰਨ ਸੁੱਟੇਂਗਾ।**

**ਆਇਤ 30.** ਇਸ ਵਿਰਤਾਂਤ ਦੇ ਲਈ ਘਟਨਾਵਾਂ ਦਾ ਸਮਾਂ ਬਹੁਤ ਹੀ ਮਹੱਤਵਪੂਰਣ ਹੈ: **ਜਦੋਂ ਇਸਹਾਕ ਯਾਕੂਬ ਨੂੰ ਬਰਕਤ ਦੇ ਹਟਿਆ ਅਤੇ ਯਾਕੂਬ ਆਪਣੇ ਪਤਾ ਇਸਹਾਕ ਕੋਲੋਂ ਬਾਹਰ ਨਿੱਕਲਿਆ ਹੀ ਸੀ ਕਿ ਉਸ ਦਾ ਭਰਾ ਏਸਾਓ ਸ਼ਿਕਾਰੋਂ ਆਇਆ।** ਇਹ ਤੱਥ ਕਿ ਯਾਕੂਬ ਇੰਨੀ ਛੇਤੀ ਚਲਾ ਗਿਆ ਇਹ ਇਤਫਾਕ ਨਾਲ ਨਹੀਂ ਹੋਇਆ ਜਾਪਦਾ ਹੈ; ਇਸਹਾਕ ਦੇ ਦੁਆਰਾ ਉਸ ਮਾਰ ਦੇਣ ਦੇ ਦ੍ਰਿੜ ਨਿਹਚੇ ਨੂੰ ਵੇਖਦੇ ਹੋਏ, ਇਸ ਨੇ ਸ਼ਾਇਦ ਉਸ ਦੀ ਜਾਨ ਨੂੰ ਬਚਾਇਆ ਸੀ (27:41)।

**ਆਇਤ 31.** ਨਿਸ਼ਚਤ ਤੌਰ ਤੇ, ਇਸ ਸਮੇਂ, ਏਸਾਓ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਉਸ ਦੀ ਗੈਰ-ਹਾਜ਼ਰੀ ਦੇ ਵਿਚ ਕੀ ਹੋਇਆ ਸੀ। ਇਸ ਲਈ, ਉਸ ਨੇ **ਸੁਆਦਲਾ ਭੋਜਨ** ਤਿਆਰ ਕੀਤਾ ਜੋ ਇਸਹਾਕ ਨੂੰ ਪਸੰਦ ਸੀ, ਅਤੇ **ਆਪਣੇ ਪਿਤਾ ਕੋਲ ਲਿਆਇਆ**, ਅਤੇ ਕਿਹਾ ਉਸ ਦਾ ਪਿਤਾ **ਉੱਠੇ ਅਤੇ** ਉਸ ਦੇ ਬਣਾਏ ਹੋਏ ਸ਼ਿਕਾਰ ਵਿਚੋਂ ਕੁਝ **ਖਾਵੇ** ਤਾਂਕਿ ਉਸ ਨੂੰ **ਬਰਕਤ** ਦੇ ਸਕੇ।

**ਆਇਤ 32. ਇਸਹਾਕ** ਉਸ ਗੱਲ ਤੇ ਵਿਸ਼ਵਾਸ ਨਾ ਕਰ ਸਕਿਆ ਜੋ ਉਸ ਨੇ ਸੁਣੀ ਸੀ। ਏਸਾਓ ਦੇ ਬਿਆਨ ਤੋਂ ਉਲਝਣ ਵਿਚ ਪੈ ਕੇ, ਉਸ ਨੇ ਪੁੱਛਿਆ, **ਤੂੰ ਕੌਣ ਹੈਂ?** ਉਸੇ ਤਰ੍ਹਾਂ, ਇਸਹਾਕ ਦੇ ਪ੍ਰਸ਼ਨ ਨੇ ਵੀ ਏਸਾਓ ਨੂੰ ਬਹੁਤ ਜ਼ਿਆਦਾ ਗੜਬੜੀ ਦੇ ਵਿਚ ਪਾ ਦਿੱਤਾ ਹੋਵੇਗਾ। ਆਖਿਰਕਾਰ, ਉਸ ਨੇ ਬਿਲਕੁਲ ਉਹੀ ਕੀਤਾ ਸੀ ਜੋ ਉਸ ਦੇ ਪਿਤਾ ਨੇ ਉਸ ਨੂੰ ਕਰਨ ਦੇ ਲਈ ਕਿਹਾ ਸੀ; ਤਾਂ ਵੀ, ਹੁਣ ਉਹ ਸ਼ਿਕਾਰ ਤੋਂ ਆ ਗਿਆ ਸੀ ਅਤੇ ਸਵਾਦਲਾ ਭੋਜਨ ਤਿਆਰ ਕੀਤਾ ਸੀ, ਤਾਂ ਇਸਹਾਕ ਉਸ ਤੋਂ ਉਸ ਦੀ ਪਛਾਣ ਪੁੱਛ ਰਿਹਾ ਸੀ। ਉਸ ਨੇ ਜ਼ੋਰ ਨਾਲ, ਉੱਤਰ ਦਿੱਤਾ, **ਮੈਂ ਤੁਹਾਡਾ ਪਲੋਠਾ ਪੁੱਤ੍ਰ ਏਸਾਓ ਹਾਂ।**

**ਆਇਤ 33.** ਇਹ ਸੁਣ ਕੇ, **ਇਸਹਾਕ ਥਰ ਥਰ** ਕੰਬਿਆ। ਭਾਸ਼ਾ ਕੰਬਣਾ ਇੱਕ ਆਤੰਕ ਨੂੰ ਪਰਗਟ ਕਰਦੀ ਹੈ ਜਿਸ ਨੂੰ ਉਹ ਵੱਸ ਵਿਚ ਨਹੀਂ ਕਰ ਸਕਦਾ ਸੀ। ਉਹ ਜਾਣਨਾ ਚਾਹੁੰਦਾ ਸੀ, **ਫੇਰ ਉਹ ਕੌਣ ਹੈ ਸੀ ਜਿਹੜਾ ਸ਼ਿਕਾਰ ਮਾਰਕੇ ਮੇਰੇ ਕੋਲ ਲਿਆਇਆ? ਮੈਂ ਸਾਰੇ ਵਿੱਚੋਂ ਤੇਰੇ ਆਉਣ ਤੋਂ ਪਹਿਲਾਂ ਖਾਧਾ ਅਰ ਮੈਂ ਉਸੇ ਨੂੰ ਬਰਕਤ ਦਿੱਤੀ।** ਬਿਰਧ ਪੁਰਖਾ ਉਸ ਘਾਟੇ ਤੋਂ ਬਹੁਤ ਹੀ ਪਰੇਸ਼ਾਨ ਹੋ ਗਿਆ ਸੀ, ਕਿ ਉਹ ਕੀ ਕਰੇ, ਕਿਉਂਕਿ ਉਸ ਨੇ ਕਿਸੇ ਹੋਰ ਨੂੰ ਬਰਕਤ ਦੇ ਦਿੱਤੀ ਸੀ। ਉਹ ਜਾਣਦਾ ਸੀ ਕਿ, ਪੁਰਾਤਨ ਨੇੜਲੇ ਪੂਰਬ ਦੇ ਕਾਨੂੰਨ ਅਤੇ ਰੀਤ ਦੇ ਅਨੁਸਾਰ, ਬਰਕਤ ਅਟਲ ਹੁੰਦੀ ਸੀ, ਭਾਵੇਂ ਪ੍ਰਾਪਤ ਕਰਤਾ ਨੇ ਉਸ ਨੂੰ ਧੋਖੇ ਨਾਲ ਹੀ ਕਿਉਂ ਨਾ ਪ੍ਰਾਪਤ ਕੀਤਾ ਹੋਵੇ। ਇਸ ਤੋਂ ਇਲਾਵਾ, ਕਿਉਂਕਿ ਇਸਹਾਕ ਨੇ "ਯਹੋਵਾਹ ਦੇ ਸਨਮੁਖ" ਬਰਕਤ ਦੀ ਘੋਸ਼ਣਾ ਕੀਤੀ ਸੀ (27:7), ਇਸ ਲਈ ਇਹ ਸਪੱਸ਼ਟ ਸੀ ਕਿ ਜੇਕਰ ਉਹ ਇਸ ਨੂੰ ਰੱਦ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਹ ਸਰਾਪ ਦੇ ਅਧੀਨ ਆ ਜਾਵੇਗਾ। ਵਾਕ ਦੇ ਅੰਤ ਵਿਚ ਉਸ ਨੇ ਕਿਹਾ, **ਸੋ ਉਹ ਜ਼ਰੂਰ ਮੁਬਾਰਕ ਹੋਵੇਗਾ।**

**ਆਇਤ 34.** ਏਸਾਓ ਦਾ ਸੰਕਟ ਇਸਹਾਕ ਦੇ ਨਾਲ ਮਿਲਦਾ-ਜੁਲਦਾ ਸੀ। ਵੱਡਾ ਪੁੱਤਰ ਆਪਣੇ ਪਿਤਾ ਦੀਆਂ ਗੱਲਾਂ ਸੁਣ ਕੇ **ਅਤਯੰਤ ਕੁੜੱਤਣ ਨਾਲ ਭੁੱਭਾਂ ਮਾਰ ਕੇ ਆਪਣੇ ਪਿਤਾ ਨੂੰ**

**ਆਖਿਆ, ਮੇਰੇ ਪਿਤਾ ਮੈਨੂੰ, ਹਾਂ, ਮੈਨੂੰ ਵੀ ਬਰਕਤ ਦਿਓ**। ਉਹ ਆਸ ਕਰ ਰਿਹਾ ਸੀ ਕਿ ਇਸਹਾਕ ਉਸ ਬਰਕਤ ਨੂੰ ਬਦਲ ਦੇਵੇਗਾ ਜੋ ਉਸ ਨੇ ਯਾਕੂਬ ਨੂੰ ਦਿੱਤੀ ਸੀ ਅਤੇ ਉਸ ਨੂੰ ਦੇ ਦੇਵੇਗਾ। ਕਈ ਸਾਲ ਪਹਿਲਾਂ, ਏਸਾਓ ਨੇ ਮੂਰਖਤਾ ਦੇ ਨਾਲ ਆਪਣੇ ਪਹਿਲੌਠੇ ਦੇ ਅਧਿਕਾਰ (ਪਿਤਾ ਦੀ ਵਿਰਾਸਤ ਵਿਚੋਂ ਦੁੱਗਣਾ ਭਾਗ) ਨੂੰ ਵੇਚ ਦਿੱਤਾ ਸੀ। ਇਸ ਬੇਇੱਜ਼ਤੀ ਦੇ ਨਾਲ ਨਾਲ, ਉਸ ਨੇ ਹੁਣੇ ਹੁਣੇ ਆਪਣੇ ਪਿਤਾ ਦੀਆਂ ਬਰਕਤਾਂ ਨੂੰ ਵੀ ਗੁਆ ਦਿੱਤਾ ਸੀ। ਉਹ ਭੁੱਬਾਂ ਮਾਰ-ਮਾਰ ਕੇ ਰੋ ਕੇ, ਇਹ ਚਾਹੁੰਦਾ ਸੀ ਕਿ ਉਸ ਦੇ ਪਿਤਾ ਦਾ ਦਿਲ ਬਦਲ ਜਾਵੇ (ਇਬਰਾਨੀਆਂ 12:16, 17)।

**ਆਇਤ 35.** ਇਸਹਾਕ ਦਾ ਪ੍ਰਤੀਉੱਤਰ ਉਸ ਦੇ ਆਪਣੇ ਪ੍ਰਸ਼ਨ ਦਾ ਉੱਤਰ ਸੀ, ਫੇਰ ਉਹ ਕੌਣ ਹੈ ... ? (27:33)। ਉਸ ਨੇ ਸਮਝਾਇਆ ਕਿ ਉਹ ਏਸਾਓ ਨੂੰ ਬਰਕਤ ਕਿਉਂ ਨਹੀਂ ਦੇ ਸਕਦਾ। ਇਸਹਾਕ ਨਿਸ਼ਚਤ ਰੂਪ ਨਾਲ ਇਸ ਗੱਲ ਨੂੰ ਕਿਹਾ ਸੀ ਕਿ ਜੋ ਵਿਅਕਤੀ ਪਹਿਲਾਂ ਇਹ ਦਾਅਵਾ ਕਰਦਾ ਹੋਇਆ ਆਇਆ ਸੀ ਕਿ ਉਹ ਏਸਾਓ ਹੈ; ਉਸ ਨੇ ਉਸ ਦੇ ਸ਼ੱਕ ਨੂੰ ਭੜਕਾਇਆ ਸੀ; ਪਰ ਹੁਣ ਉਹ ਨੂੰ ਪੂਰਾ ਪਤਾ ਸੀ ਕਿ ਕੀ ਹੋਇਆ ਸੀ: **ਤੇਰਾ ਭਰਾ ਧੋਖੇ ਨਾਲ ਆਕੇ ਤੇਰੀ ਬਰਕਤ ਲੈ ਗਿਆ।** ਇਹ ਸ਼ਬਦ "ਧੋਖੇ ਨਾਲ" (מִרְמָה, *ਮਿਰਮਾਹ*) ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਯਾਕੂਬ ਨੇ ਆਪਣੇ ਪਿਤਾ ਨੂੰ ਧੋਖਾ ਦੇਣ ਦੇ ਲਈ ਜਾਣ-ਬੁੱਝ ਕੇ ਇੱਕ ਯੋਜਨਾ ਬਣਾਈ ਸੀ।

**ਆਇਤ 36.** ਏਸਾਓ ਨੇ ਉੱਤਰ ਦਿੱਤਾ, **ਕੀ ਉਸ ਦਾ ਨਾਉਂ ਠੀਕ ਯਾਕੂਬ ਨਹੀਂ ਰੱਖਿਆ ਗਿਆ ਕਿ ਓਸ ਹੁਣ ਦੂਜੀ ਵਾਰ ਮੇਰੇ ਸੰਗ ਧੋਖਾ ਕੀਤਾ ਹੈ?** ਉਹ ਸ਼ਬਦ ਜਿਸ ਦਾ ਅਨੁਵਾਦ "ਧੋਖਾ" (עָקַב, *ਅਕਾਬ*, "ਧੋਖੇਬਾਜ਼") ਕੀਤਾ ਗਿਆ ਹੈ ਉਹ 27:35 ਵਿਚ ਆਏ ਸ਼ਬਦ ਤੋਂ ਵੱਖਰਾ ਹੈ, ਅਤੇ ਇਹ "ਯਾਕੂਬ" ਨਾਮ ਤੇ ਇੱਕ ਵਰਣਨ ਪ੍ਰਦਾਨ ਕਰਦਾ ਹੈ (ਵੇਖੋ 25:26; ਯਿਰਮਿਯਾਹ 9:4; ਹੋਸ਼ੇਆ 12:3)। ਏਸਾਓ ਨੂੰ ਸੱਚਾਈ ਦੱਸੀ ਜਦੋਂ ਉਸ ਨੇ ਦਾਅਵਾ ਕੀਤਾ ਕਿ ਉਸ ਦੇ ਭਰਾ ਨੇ [ਉਸ ਦਾ] **ਪਲੋਠੀ ਦਾ ਹੱਕ ਵੀ ਲੈ ਲਿਆ**, ਪਰ ਉਸ ਨੇ ਇੱਕ ਕਟੋਰੇ ਦਾਲ ਦੇ ਬਦਲੇ ਆਪਣੇ ਪਹਿਲੌਠੇ ਹੋਣ ਦੇ ਅਧਿਕਾਰ ਨੂੰ ਵੇਚਣ ਦੀ ਆਪਣੀ ਖੁਦ ਦੀ ਗਲਤੀ ਨੂੰ ਨਜ਼ਰਅੰਦਾਜ਼ ਕਰ ਦਿੱਤਾ (25:29-34)। ਸਪੱਸ਼ਟ ਤੌਰ ਤੇ ਯਾਕੂਬ ਨੇ ਆਪਣੇ ਭਰਾ ਦੀ ਭੁੱਖ ਦਾ ਫਾਇਦਾ ਚੁੱਕਿਆ ਅਤੇ ਆਪਣੀ ਦਾਲ ਦੇ ਲਈ ਇੱਕ ਵੱਡੀ ਕੀਮਤ ਦੀ ਮੰਗ ਕੀਤੀ ਸੀ, ਪਰ ਅਜਿਹਾ ਕਰਨ ਦੇ ਲਈ ਕਿਸੇ ਨੇ ਉਸ ਦੇ ਨਾਲ ਜਬਰਦਸਤੀ ਨਹੀਂ ਕੀਤੀ ਸੀ। ਪਰ ਵਰਤਮਾਨ ਸਥਿਤੀ ਅਲੱਗ ਸੀ ਕਿਉਂਕਿ ਯਾਕੂਬ ਨੇ ਅਸਲ ਵਿਚ ਬੇਰਹਿਮ ਚਾਲਬਾਜ਼ੀ ਅਤੇ ਧੋਖਾਧੜੀ ਦਾ ਇਸਤੇਮਾਲ ਕੀਤਾ ਸੀ ਤਾਂਕਿ ਉਹ ਉਸ ਬਰਕਤ ਨੂੰ ਲੈ ਸਕੇ ਜੋ ਇਸਹਾਕ ਆਪਣੇ ਪਹਿਲੌਠੇ ਪੁੱਤਰ ਨੂੰ ਦੇਣਾ ਚਾਹੁੰਦਾ ਸੀ। ਇਸ ਅਰਥ ਵਿਚ, ਏਸਾਓ ਦਾ ਬਿਆਨ ਸੱਚ ਸੀ **ਵੇਖੋ ਹੁਣ ਮੇਰੀ ਬਰਕਤ ਵੀ ਲੈ ਲਈ** ਹੈ। ਉਹ ਆਪਣੇ ਪਿਤਾ ਦੇ ਸਾਹਮਣੇ ਇੱਕ ਦਿਲ ਨੂੰ ਹਿਲਾ ਦੇਣ ਵਾਲਾ ਰੋਣਾ ਰੋਇਆ: **ਕੀ ਤੁਸੀਂ ਮੇਰੇ ਲਈ ਕੋਈ ਬਰਕਤ ਨਹੀਂ ਰੱਖ ਛੱਡੀ?** ਏਸਾਓ ਮੌਖਿਕ ਭਰੋਸੇ ਦੇ ਲਈ ਬੇਨਤੀ ਕਰ ਰਿਹਾ ਸੀ ਕਿ ਇਸਹਾਕ ਹੁਣ ਵੀ ਉਸ ਨੂੰ ਪ੍ਰੇਮ ਕਰਦਾ ਸੀ ਅਤੇ, ਜੇਕਰ ਅਜਿਹਾ ਹੈ, ਤਾਂ ਉਹ ਉਸ ਨੂੰ ਕਿਸੇ ਨਾ ਕਿਸੇ ਕਿਸਮ ਦੀ ਬਰਕਤ ਦੇ ਸਕਦਾ ਹੈ।

**ਆਇਤ 37.** ਇਸਹਾਕ ਨੇ **ਏਸਾਓ** ਨੂੰ ਜਵਾਬ ਵਿਚ ਥੋੜੀ ਜਿਹੀ ਉਮੀਦ ਦਿੱਤੀ। ਅਸਲ ਵਿਚ, ਉਸ ਨੇ ਛੋਟੇ ਭਰਾ ਉੱਤੇ ਦਿੱਤੀਆਂ ਗਈਆਂ ਬਰਕਤਾਂ ਦੀ ਪੁਸ਼ਟੀ ਕੀਤੀ (27:27-29)। ਉਸ ਨੇ ਯਾਕੂਬ ਨੂੰ ਘਰਾਣੇ ਦੀ ਸਰਦਾਰੀ ਦੇ ਦਿੱਤੀ ਸੀ, ਜੋ ਹੁਣ ਏਸਾਓ ਦਾ **ਸਰਦਾਰ** ਸੀ। ਅਸਲ ਵਿਚ, [ਏਸਾਓ ਦੇ] **ਸਾਰੇ ਭਰਾ** ਯਾਕੂਬ ਦੀ **ਸੇਵਾ** ਕਰਣਗੇ, ਅਤੇ ਯਾਕੂਬ ਨੂੰ ਪਰਮੇਸ਼ੁਰ

ਦੇ ਕੋਲੋਂ ਬਹੁਤਾਇਤ ਦੇ ਨਾਲ **ਅਨਾਜ ਅਤੇ ਦਾਖਰਸ** ਪ੍ਰਾਪਤ ਹੋਣਾ ਸੀ। ਇਸ ਲਈ, ਬਿਰਧ ਪਿਤਾ ਨੇ ਏਸਾਓ ਨੂੰ ਪੁੱਛਿਆ ਕਿ ਮੈਂ ਆਪਣੇ ਵੱਡੇ **ਪੁੱਤ੍ਰ** ਦੇ ਲਈ ਕੀ **ਕਰਾਂ**। ਉਹ ਬਰਕਤ ਜੋ ਇਸਹਾਕ ਨੇ ਯਾਕੂਬ ਨੂੰ ਦੇ ਦਿੱਤੀ ਸੀ ਉਹ ਪੂਰੀ ਅਤੇ ਸੰਪੂਰਣ ਸੀ, ਅਤੇ ਉਸ ਦੇ ਕੋਲ ਏਸਾਓ ਨੂੰ ਦੇਣ ਦੇ ਲਈ ਕੁਝ ਵੀ ਨਹੀਂ ਬਚਿਆ ਸੀ।

**ਆਇਤ 38.** ਇਸਹਾਕ ਦੇ ਪ੍ਰਤਿ ਏਸਾਓ ਦੀ ਅਪੀਲ ਇੱਕ ਤਰਸਯੋਗ ਉੱਤਰ ਸੀ। ਉਸ ਨੇ ਸੋਚਿਆ ਕਿ ਉਸ ਦੇ ਪਿਤਾ ਕੋਲ ਦੇਣ ਦੇ ਲਈ ਜ਼ਰੂਰ **ਇੱਕੋ ਹੀ ਬਰਕਤ** ਨਹੀਂ ਸੀ। ਉਸ ਨੇ ਬੇਨਤੀ ਕੀਤੀ, **ਹੇ ਮੇਰੇ ਪਿਤਾ ਮੈਨੂੰ ਵੀ ਬਰਕਤ ਦਿਓ।** ਇਸ ਦੇ ਨਾਲ, ਉਸ ਦੀ ਅੰਤਿਮ ਬੇਨਤੀ ਸਮਾਪਤ ਹੋ ਗਈ; ਤਾਂ ਉਸ **ਉੱਚੀ ਉੱਚੀ ਭੁੱਬਾਂ ਮਾਰੀਆਂ ਅਰ** ਨਿਰਾਸ਼ਾ ਨਾਲ ਭਰ ਕੇ **ਰੋਇਆ**।

**ਆਇਤਾਂ 39, 40.** ਉਹ ਬਰਕਤਾਂ ਜੋ **ਇਸਹਾਕ** ਨੂੰ ਦਿੱਤੀਆਂ ਗਈਆਂ ਉਹ ਅਸਲ ਵਿਚ ਇੱਕ ਬਰਕਤ ਵਿਰੋਧੀ ਸਨ, ਜਾਂ ਸਰਾਪ ਸਨ; ਕਿਉਂਕਿ ਇਹ ਉਸ ਦੇ ਉਲਟ ਸਨ ਜੋ ਯਾਕੂਬ ਤੇ ਬੋਲਿਆ ਗਿਆ ਸੀ। "ਅਕਾਸ਼ ਦੀ ਤਰੇਲ" ਅਤੇ "ਧਰਤੀ ਦੀ ਚਿਕਨਾਈ" ਅਤੇ "ਅਨਾਜ ਅਤੇ ਦਾਖਰਸ ਦੀ ਬਹੁਤਾਇਤ" (27:28) ਪ੍ਰਾਪਤ ਕਰਨ ਦੀ ਬਜਾਇ, ਉਸਦਾ **ਰਹਿਣਾ** ਅਦੋਮ ਵਿਚ ਹੋਵੇਗਾ (25:30; 36:8, 43), **ਧਰਤੀ ਦੀ ਚਿਕਨਾਈ ਅਤੇ ਉੱਪਰੋਂ ਅਕਾਸ਼ ਦੀ ਤਰੇਲ ਤੋਂ ਰਹਿਣਾ ਹੋਊ।** ਉਹ [ਆਪਣੀ] **ਤੇਗ ਨਾਲ** ਉੱਚੇ ਪਹਾੜਾਂ ਅਤੇ ਮਰੂਥਲ ਦੇ ਅਸ਼ਾਂਤ ਇਲਾਕੇ ਵਿਚ ਜੀਵੇਗਾ। ਉਹ ਇੱਕ ਸ਼ਿਕਾਰੀ ਦੇ ਵਾਂਗ – ਉਨ੍ਹਾਂ ਲੋਕਾਂ ਉੱਤੇ ਹਮਲਾ ਕਰਕੇ, ਯੁੱਧ ਕਰਕੇ, ਅਤੇ ਉਨ੍ਹਾਂ ਲੋਕਾਂ ਨੂੰ ਲੁੱਟ ਕੇ ਜੀਵਨ ਗੁਜ਼ਾਰੇਗਾ ਜੋ ਆਪਣੇ ਆਪ ਨੂੰ ਬਚਾਉਣ ਤੋਂ ਅਸਮਰੱਥ ਸਨ। ਇਹ ਬਿਆਨ ਇਸਮਾਏਲ ਦੇ ਨਾਲ ਮਿਲਦਾ-ਜੁਲਦਾ ਹੈ, ਜੋ "ਜੰਗਲੀ ਖੋਤੇ" ਦੇ ਵਾਂਗ ਹੋਵੇਗਾ, "ਉਸ ਦਾ ਹੱਥ ਹਰ ਇੱਕ ਦੇ ਵਿਰੁੱਧ" ਅਤੇ "ਹਰ ਇੱਕ ਦਾ ਹੱਥ ਉਸ ਦੇ ਵਿਰੁੱਧ ਹੋਵੇਗਾ" (16:12)। ਜੌੜਿਆਂ ਦੇ ਪੈਦਾ ਹੋਣ ਤੋਂ ਪਹਿਲਾਂ ਰਿਬਕਾਹ ਨੂੰ ਦਿੱਤੀ ਭਵਿੱਖਵਾਣੀ ਦੇ ਅਨੁਸਾਰ, ਜੋ ਲੋਕ ਉਸ ਦੇ ਛੋਟੇ ਭਰਾ ਤੋਂ ਪੈਦਾ ਹੋਣਗੇ ਉਹ ਤਕੜੇ ਹੋਣਗੇ; ਏਸਾਓ ਦੀ ਸੰਤਾਨ ਉਨ੍ਹਾਂ ਦੀ **ਟਹਿਲ** ਕਰੇਗੀ (25:23; 2 ਸਮੂਏਲ 8:14)। ਪਰ, ਯਾਕੂਬ ਦੀ ਸੰਤਾਨ (ਇਸਰਾਏਲ) ਦੀ ਏਸਾਓ ਦੀ ਸੰਤਾਨ (ਅਦੋਮੀਆਂ) ਦੇ ਉੱਤੇ ਸਰਦਾਰੀ ਸਥਾਈ ਨਹੀਂ ਹੋਵੇਗੀ: **ਅਰ ਐਉਂ ਹੋਵੇਗਾ ਕਿ ਜਦ ਤੂੰ ਅਵਾਰਾ ਫਿਰੇਂਗਾ ਤਾਂ ਤੂੰ ਉਹ ਦਾ ਜੂਲਾ ਆਪਣੀ ਧੌਣ ਉੱਤੋਂ ਭੰਨ ਸੁੱਟੇਂਗਾ।** ਕਈ ਸਦੀਆਂ ਦੇ ਬਾਅਦ, ਉਹ ਰਾਜਾ ਯੋਰਾਮ[6] ਦੇ ਵਿਰੁੱਧ ਵਿਦਰੋਹ ਕਰਕੇ ਯਹੂਦਾਹ ਤੋਂ ਅਜ਼ਾਦੀ ਹਾਸਲ ਕਰਨਗੇ (2 ਰਾਜਿਆਂ 8:20-22)।

## ਏਸਾਓ ਦੁਆਰਾ ਯਾਕੂਬ ਦੀ ਹੱਤਿਆ ਦੀ ਯੋਜਨਾ ਬਣਾਉਣਾ (27:41-45)

**41ਏਸਾਓ ਨੇ ਯਾਕੂਬ ਨਾਲ ਉਸ ਬਰਕਤ ਦੇ ਕਾਰਨ ਜਿਹੜੀ ਉਸ ਦੇ ਪਿਤਾ ਨੇ ਉਸ ਨੂੰ ਦਿੱਤੀ ਵੈਰ ਰੱਖਿਆ ਅਰ ਏਸਾਓ ਨੇ ਆਪਣੇ ਮਨ ਵਿੱਚ ਆਖਿਆ, ਮੇਰੇ ਪਿਤਾ ਦੇ ਸੋਗ ਦੇ ਦਿਨ ਨੇੜੇ ਹਨ ਫੇਰ ਮੈਂ ਆਪਣੇ ਭਰਾ ਯਾਕੂਬ ਨੂੰ ਮਾਰ ਸੁੱਟਾਂਗਾ। 42ਉਪਰੰਤ ਰਿਬਕਾਹ ਨੂੰ ਉਸ ਦੇ ਵੱਡੇ ਪੁੱਤ੍ਰ ਏਸਾਓ ਦੀਆਂ ਗੱਲਾਂ ਦੱਸੀਆਂ ਗਈਆਂ ਤਦ ਉਸ ਆਪਣੇ ਨਿੱਕੇ ਪੁੱਤ੍ਰ ਯਾਕੂਬ ਨੂੰ ਬੁਲਾ ਭੇਜਿਆ ਕਿ ਵੇਖ ਤੇਰਾ ਭਰਾ ਆਪਣੇ ਆਪ ਨੂੰ ਤੇਰੇ ਵਿਖੇ ਤਸੱਲੀ ਦਿੰਦਾ ਹੈ ਕਿ ਤੈਨੂੰ ਮਾਰ ਸੁੱਟੇ। 43ਸੋ ਹੁਣ ਮੇਰੇ ਪੁੱਤ੍ਰ ਮੇਰੀ ਗੱਲ ਸੁਣ। ਉੱਠ ਅਰ ਮੇਰੇ ਭਰਾ ਲਾਬਾਨ ਕੋਲ ਹਾਰਾਨ ਨੂੰ ਭੱਜ ਜਾਹ। 44ਅਰ ਥੋੜੇ ਦਿਨ ਉਸ ਦੇ ਕੋਲ ਰਹਿ ਜਦ ਤੀਕ ਤੇਰੇ ਭਰਾ ਦਾ ਕਰੋਧ ਨਾ ਉੱਤ੍ਰ ਜਾਵੇ। 45ਜਦ**

**ਤੀਕ ਤੇਰੇ ਭਰਾ ਦਾ ਕਰੋਧ ਤੈਥੋਂ ਨਾ ਹਟ ਜਾਵੇ ਅਤੇ ਜੋ ਕੁਝ ਤੈਂ ਉਸ ਨਾਲ ਕੀਤਾ ਹੈ ਨਾ ਭੁੱਲ ਜਾਵੇ ਤਦ ਤੀਕ ਮੈਂ ਤੈਨੂੰ ਉੱਥੋਂ ਨਹੀਂ ਸੱਦਾਂਗੀ। ਮੈਂ ਕਿਉਂ ਇੱਕੇ ਦਿਹਾੜੇ ਤੁਸਾਂ ਦੋਹਾਂ ਨੂੰ ਗਵਾ ਬੈਠਾਂ?**

**ਆਇਤ 41.** ਕਿਉਂਕਿ **ਯਾਕੂਬ** ਨੇ **ਉਸ ਦੇ ਪਿਤਾ** ਨੂੰ ਮੌਤ ਦੇ ਸਮੇਂ ਦੀ **ਬਰਕਤ** ਦੇ ਲਈ ਧੋਖਾ ਦਿੱਤਾ ਸੀ ਜੋ ਉਹ ਆਪਣੇ ਵੱਡੇ ਪੁੱਤਰ ਨੂੰ ਦੇਣਾ ਚਾਹੁੰਦਾ ਸੀ, ਇਸ ਲਈ **ਏਸਾਓ ਨੇ ਆਪਣੇ ਮਨ ਵਿੱਚ** ਆਪਣੇ ਛੋਟੇ ਭਰਾ ਦੇ ਲਈ **ਵੈਰ ਰੱਖਿਆ** ਅਤੇ ਯੋਜਨਾ ਬਣਾਈ ਕਿ ਉਹ ਉਸ ਨੂੰ **ਮਾਰ** ਸੁੱਟੇ (ਵੇਖੋ 4:5, 8, 23)। ਉਹ ਕਿਰਿਆ ਜਿਸ ਦਾ ਅਨੁਵਾਦ "ਵੈਰ ਰੱਖਿਆ" שָׂטַם (*ਸਤਮ)* ਹੈ, ਜਿਸ ਦਾ ਅਰਥ "ਦੁਸ਼ਮਣੀ ਨੂੰ ਪਾਲਣਾ।"[7] ਇਸ ਦਾ ਅਰਥ ਲੰਬੇ ਸਮੇਂ ਦੀ ਜਿੱਦੀ ਨਫ਼ਰਤ ਹੈ ਜੋ ਲੰਬੇ ਸਮੇਂ ਤੱਕ ਚੱਲਦੀ ਰਹਿੰਦੀ ਹੈ। ਏਸਾਓ ਨੇ ਆਪਣੇ ਗੁੱਸੇ ਨੂੰ ਪਾਲਿਆ ਅਤੇ ਆਪਣੇ ਦਿਲ ਵਿਚ ਦ੍ਰਿੜ ਨਿਹਚਾ ਕੀਤਾ ਕਿ ਆਪਣੇ **ਪਿਤਾ** ਦੀ ਮੌਤ ਅਤੇ ਉਸ ਦੇ **ਸੋਗ ਦੇ ਦਿਨ** ਪੂਰੇ ਹੋ ਜਾਣ ਤੋਂ ਤੁਰੰਤ ਬਾਅਦ ਯਾਕੂਬ ਨੂੰ ਮਾਰ ਦੇਵੇਗਾ।

**ਆਇਤ 42.** ਇਸ ਮਾਰਨ ਦੀ ਯੋਜਨਾ ਨੂੰ ਆਪਣੇ ਮਨ ਵਿਚ ਰੱਖਣ ਦੀ ਬਜਾਇ, ਉਸ ਨੇ ਜ਼ਰੂਰ ਇਸ ਨੂੰ ਆਪਣੇ ਮਿੱਤਰਾਂ ਦੇ ਨਾਲ ਸਾਂਝਾ ਕੀਤਾ, ਕਿਉਂਕਿ **ਰਿਬਕਾਹ ਨੂੰ ...** ਏਸਾਓ **ਦੀਆਂ ਗੱਲਾਂ ਦੱਸੀਆਂ ਗਈਆਂ**। ਉਸ ਨੇ **ਯਾਕੂਬ ਨੂੰ ਬੁਲਾ ਭੇਜਿਆ** ਅਤੇ ਉਸ ਨੂੰ ਚੇਤਾਵਨੀ ਦਿੱਤੀ ਕਿ ਬਦਲੇ ਦੇ ਵਿਚਾਰਾਂ ਦੇ ਨਾਲ, ਏਸਾਓ **ਆਪਣੇ ਆਪ ਨੂੰ ... ਤਸੱਲੀ** ਦੇ ਰਿਹਾ ਸੀ, ਉਹ ਉਸ ਨੂੰ **ਮਾਰ ਸੁੱਟਣ** ਦੇ ਲਈ ਸਹੀ ਮੌਕੇ ਦਾ ਇੰਤਜ਼ਾਰ ਕਰ ਰਿਹਾ ਸੀ। ਸਪੱਸ਼ਟ ਤੌਰ ਤੇ ਉਸ ਨੇ ਯਾਕੂਬ ਨੂੰ ਏਸਾਓ ਦੀ ਯੋਜਨਾ ਦੇ ਵਿਸ਼ੇ ਕੁਝ ਨਹੀਂ ਦੱਸਿਆ ਕਿ ਉਹ ਇਸਹਾਕ ਦੀ ਮੌਤ ਤੱਕ ਇੰਤਜ਼ਾਰ ਕਰੇਗਾ ਅਤੇ ਫਿਰ ਇਸ ਕਤਲ ਦੀ ਯੋਜਨਾ ਨੂੰ ਸਿਰੇ ਅੰਜਾਮ ਤੱਕ ਪਹੁੰਚਾਵੇਗਾ।

**ਆਇਤ 43.** ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਰਿਬਕਾਹ ਇਸਹਾਕ ਤੋਂ ਵੱਖਰੇ ਸੁਭਾਅ ਦੀ ਸੀ; ਉਹ ਅਜਿਹਾ ਵਿਅਕਤੀ ਨਹੀਂ ਸੀ ਜੋ ਝਿਜਕ ਕੇ ਇੱਕ ਦੱਬੂ ਤਰੀਕਾ ਅਪਨਾ ਲਵੇ। ਇਸ ਦੇ ਉਲਟ, ਉਹ ਇੱਕ ਕਿਰਿਆ ਕਰਨ ਵਿਚ ਮਜ਼ਬੂਤ ਵਿਅਕਤੀ ਸੀ। ਜਦੋਂ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਜਾਂ ਮੌਕਾ ਹੁੰਦਾ ਸੀ, ਤਾਂ ਉਹ ਤੁਰੰਤ ਇੱਕ ਯੋਜਨਾ ਬਣਾ ਕੇ ਉਸ ਨੂੰ ਕਿਰਿਆ ਵਿਚ ਲਿਆਉਣ ਵਾਲੀ ਇਸਤਰੀ ਸੀ (24:15-28, 58-61; 27:5-17)। ਇਸ ਮੌਕੇ ਤੇ, ਉਸ ਨੇ ਆਪਣੇ ਮਾਂ ਦੇ ਅਧਿਕਾਰ ਨਾਲ ਭਰੀ ਹੋਈ ਪੂਰੀ ਜਬਰਦਸਤ ਅਵਾਜ਼ ਦੇ ਨਾਲ ਯਾਕੂਬ ਨੂੰ ਇਹ ਕਹਿੰਦੇ ਹੋਏ, ਹੁਕਮ ਦਿੱਤਾ, **ਸੋ ਹੁਣ ਮੇਰੇ ਪੁੱਤ੍ਰ ਮੇਰੀ ਗੱਲ ਸੁਣ। ਉੱਠ ਅਰ ਮੇਰੇ ਭਰਾ ਲਾਬਾਨ ਕੋਲ ਹਾਰਾਨ ਨੂੰ ਭੱਜ ਜਾਹ।** ਰਿਬਕਾਹ ਉਸ ਨੂੰ ਆਪਣੇ ਰਿਸ਼ਤੇਦਾਰਾਂ ਦੇ ਕੋਲ ਭੇਜ ਰਹੀ ਸੀ ਜਿੱਥੇ ਉਸ ਦਾ ਪਾਲਣ-ਪੋਸ਼ਣ ਹੋਇਆ ਸੀ (11:29, 31; 24:24, 29; 28:2, 5)।

**ਆਇਤਾਂ 44, 45.** ਜਦੋਂ ਰਿਬਕਾਹ ਨੇ ਯਾਕੂਬ ਨੂੰ ਕਿਹਾ, **ਥੋੜੇ ਦਿਨ ... ਜਦ ਤੀਕ ਤੇਰੇ ਭਰਾ ਦਾ ਕਰੋਧ ਨਾ** ਉੱਤ੍ਰ ਜਾਵੇ, ਉਹ ਜਾਂ ਤਾਂ ਆਪਣੇ ਪੁੱਤਰ ਨਾਲ ਬੇਈਮਾਨੀ ਕਰ ਰਹੀ ਸੀ ਜਾਂ ਉਸ ਨੂੰ ਬਹੁਤ ਹੀ ਘੱਟ ਅਨੁਮਾਨ ਸੀ ਕਿ ਉਸ ਦੇ ਪੁੱਤਰ ਨੂੰ ਘਰ ਤੋਂ ਦੂਰ ਰਹਿਣਾ ਪਵੇਗਾ। ਉਸ ਨੂੰ ਯਾਕੂਬ ਦੇ ਜੀਵਨ ਦਾ ਬਹੁਤ ਡਰ ਸੀ, ਇਸ ਲਈ ਉਸ ਨੇ ਉਸ ਨੂੰ ਉਸ ਸਮੇਂ ਤੱਕ ਲਾਬਾਨ ਦੇ ਨਾਲ ਰਹਿਣ ਦੀ ਸਲਾਹ ਦਿੱਤੀ ਜਦੋਂ ਤੱਕ ਏਸਾਓ ਦਾ **ਕਰੋਧ** ਘੱਟ ਨਾ ਜਾਵੇ ਅਤੇ ਉਹ ਉਸ ਦੇ ਖਿਲਾਫ ਕੀਤੇ ਗਏ ਉਸ ਦੇ ਅਪਰਾਧ ਨੂੰ ਭੁੱਲ ਨਾ ਜਾਵੇ। ਜਦੋਂ ਏਸਾਓ ਦਾ ਵਿਹਾਰ ਯਾਕੂਬ ਦੇ ਪ੍ਰਤਿ ਬਦਲ ਜਾਵੇ, ਤਾਂ ਉਸ ਨੇ ਯਾਕੂਬ ਦੇ ਨਾਲ ਵਾਇਦਾ ਕੀਤਾ ਕਿ ਉਹ ਉਸ ਨੂੰ ਵਾਪਸ **ਸੱਦ** ਲਵੇਗੀ।

ਆਪਣੀ ਟਿੱਪਣੀ ਨੂੰ ਹੋਰ ਮਜ਼ਬੂਤ ਕਰਨ ਦੇ ਲਈ, ਰਿਬਕਾਹ ਨੇ ਕਿਹਾ ਕਿ ਅਜਿਹਾ ਨਾ ਹੋਵੇ ਕਿ ਮੈਂ **ਇੱਕੇ ਦਿਹਾੜੇ** ਤੁਸਾਂ **ਦੋਹਾਂ** ਪੁੱਤਰਾਂ **ਨੂੰ ਗਵਾ ਬੈਠਾਂ**। ਉਸ ਦੇ ਬਿਆਨ ਦਾ ਭਾਵ ਇਹ ਸੀ ਕਿ ਉਹ ਇਸ ਗੱਲ ਨੂੰ ਜਾਣਦੀ ਸੀ ਕਿ ਜੇ ਏਸਾਓ ਆਪਣੇ ਭਰਾ ਯਾਕੂਬ ਦਾ ਕਤਲ ਕਰਦਾ ਸੀ ਤਾਂ ਉਸ ਨੂੰ ਵੀ ਫਾਂਸੀ ਦੇ ਦਿੱਤੀ ਜਾਵੇਗੀ (ਵੇਖੋ 9:5, 6)। ਅਸਲ ਵਿਚ, ਉਹ ਇੱਕੋ ਦਿਨ ਦੇ ਵਿਚ ਆਪਣੇ ਦੋਵਾਂ ਪੁੱਤਰਾਂ ਨੂੰ ਗੁਆ ਸਕਦੀ ਸੀ। ਨਾ ਤਾਂ ਯਾਕੂਬ ਨੇ ਨਾ ਹੀ ਉਸ ਦੀ ਮਾਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਸੀ ਕਿ "ਥੋੜੇ ਦਿਨ" ਵੀਹਾਂ ਸਾਲਾਂ ਦੀ ਸਖਤ ਮੇਹਨਤ ਅਤੇ ਸੰਘਰਸ਼ ਵਿਚ ਬਦਲ ਜਾਣਗੇ (31:41)। ਆਪਣੇ ਲਾਡਲੇ ਪੁੱਤਰ ਨੂੰ ਵਾਪਸ ਸੱਦਣ ਦੀ ਯੋਜਨਾ ਕਦੀ ਵੀ ਸੱਚ ਨਹੀਂ ਹੋਈ। ਜਿੱਥੋਂ ਤੱਕ ਸਾਨੂੰ ਪਤਾ ਹੈ, ਇਹ ਆਖਰੀ ਵਾਰ ਸੀ ਕਿ ਉਨ੍ਹਾਂ ਦੋਵਾਂ ਨੇ ਇੱਕ ਦੂਜੇ ਨੂੰ ਵੇਖਿਆ ਸੀ।

## ਰਿਬਕਾਹ ਦੀ ਸ਼ਿਕਾਇਤ (27:46)

**46ਰਿਬਕਾਹ ਨੇ ਇਸਹਾਕ ਨੂੰ ਆਖਿਆ, ਮੈਂ ਹੇਥ ਦੀਆਂ ਧੀਆਂ ਵੱਲੋਂ ਜੀ ਵਿੱਚ ਅੱਕ ਗਈ ਹਾਂ। ਜੇ ਯਾਕੂਬ ਹੇਥ ਦੀਆਂ ਧੀਆਂ ਵਿੱਚੋਂ ਅਜਿਹੀ ਤੀਵੀਂ ਕਰੇ ਜਿਵੇਂ ਏਸ ਦੇਸ ਦੀਆਂ ਧੀਆਂ ਹਨ ਤਾਂ ਮੈਂ ਕਿਵੇਂ ਜੀਉਂਦੀ ਰਹਾਂਗੀ?**

**ਆਇਤ 46.** ਇੱਕ ਵਾਰ ਫਿਰ, **ਰਿਬਕਾਹ** ਨੇ ਪਹਿਲ ਕੀਤੀ ਜਦੋਂ ਉਸ ਨੇ ਯਾਕੂਬ ਨੂੰ ਹਾਰਾਨ ਵਿਚ ਜਾਣ ਦਾ ਆਦਰਯੋਗ ਤਰੀਕਾ ਪ੍ਰਦਾਨ ਕੀਤਾ ਸੀ। ਉਸ ਦੇ ਆਪਣੇ ਭਰਾ ਤੋਂ ਖਿਲਾਫ ਏਸਾਓ ਦੇ ਕਿਸੇ ਵੀ ਪ੍ਰਕਾਰ ਦੇ ਖਤਰੇ ਦਾ ਕੋਈ ਉਲੇਖ ਨਹੀਂ ਕੀਤਾ। ਉਸ ਨੇ ਉਨ੍ਹਾਂ ਜ਼ਖ਼ਮਾਂ ਨੂੰ ਦੁਬਾਰਾ ਨਹੀਂ ਖਰੋਚਿਆ ਜੋ ਯਾਕੂਬ ਦੇ ਧੋਖੇ ਵਿਚ ਉਸ ਦਾ ਸਾਥ ਦੇਣ ਦੇ ਕਾਰਣ ਲਗਾਤਾਰ ਉਸ ਦੇ ਅਤੇ **ਇਸਹਾਕ** ਦੇ ਰਿਸ਼ਤੇ ਵਿਚ ਪੈ ਗਏ ਸਨ। ਇਸ ਦੀ ਬਜਾਇ, ਰਿਬਕਾਹ ਨੇ ਆਪਣੇ ਦੁੱਖ ਦਾ ਦੋਸ਼ ਏਸਾਓ ਦੀਆਂ ਹਿੱਤੀ ਇਸਤਰੀਆਂ ਤੇ ਲਾਇਆ, **ਹੇਥ ਦੀਆਂ ਧੀਆਂ** ਦੇ ਕਾਰਣ ਸੀ (26:34; ਵੇਖੋ 23:10)। ਉਸ ਨੇ ਕਿਹਾ ਕਿ ਜੇਕਰ **ਯਾਕੂਬ** ਨੇ ਵੀ **ਏਸ ਦੇਸ ਦੀਆਂ ਧੀਆਂ** ਵਿਚੋਂ ਕਿਸੇ ਕਨਾਨੀ ਇਸਤਰੀ ਦੇ ਨਾਲ ਵਿਆਹ ਕਰ ਲਿਆ ਤਾਂ ਜੀਵਨ ਜੀਉਣ ਦੇ ਲਾਇਕ ਨਹੀਂ ਰਹੇਗਾ। ਇਸ ਨੇ ਇਸਹਾਕ ਨੂੰ ਯਾਦ ਦਿਵਾਇਆ ਕਿ ਉਸ ਦੇ ਪਿਤਾ ਅਬਰਾਹਾਮ ਨੇ ਆਪਣੇ ਪੁੱਤਰ ਦਾ ਇਸ ਦੇਸ ਦੀਆਂ ਇਸਤਰੀਆਂ ਵਿਚੋਂ ਕਿਸੇ ਇੱਕ ਨਾਲ ਵਿਆਹ ਹੋਣ ਦਾ ਕਿੰਨਾ ਵਿਰੋਧ ਕੀਤਾ ਸੀ। ਇਸ ਕਾਰਣ, ਅਬਰਾਹਾਮ ਨੇ ਆਪਣੇ ਨੌਕਰ ਨੂੰ ਹਾਰਾਨ ਵਿਚ ਭੇਜਿਆ ਕਿ ਉਹ ਉਸ ਦੇ ਆਪਣੇ ਪਰਿਵਾਰ ਦੇ ਵਿਚੋਂ ਉਸ ਦੇ ਪੁੱਤਰ ਦੇ ਲਈ ਇੱਕ ਪਤਨੀ ਲਿਆਵੇ (24:1-67)। ਰਿਬਕਾਹ ਨੇ ਪ੍ਰਸਤਾਵ ਦਿੱਤਾ ਕਿ ਉਹ ਯਾਕੂਬ ਨੂੰ ਵੀ ਦੂਰ ਦੇ ਰਿਸ਼ਤੇਦਾਰਾਂ ਦੇ ਵਿਚ ਘੱਲਦੇ ਹੋਏ ਉਸ ਦੇ ਲਈ ਵੀ ਅਜਿਹਾ ਹੀ ਕਰਣਗੇ, ਕਿ ਉਹ ਉੱਥੋਂ ਇੱਕ ਪਤਨੀ ਲੈ ਆਵੇ (ਜਿੱਥੇ ਉਹ ਆਪਣੇ ਹਤਿਆਰੇ ਭਰਾ ਦੀ ਪਹੁੰਚ ਤੋਂ ਵੀ ਬਾਹਰ ਰਹੇਗਾ)।

## ਪ੍ਰਾਸੰਗਿਕਤਾ

**ਧੋਖੇ ਦਾ ਨਾਟਕ (ਅਧਿਆਇ 27)**

*ਦ੍ਰਿਸ਼ 1. ਜਦੋਂ ਪਰਮੇਸ਼ੁਰ ਦੇ ਲੋਕ ਆਪਣੀ ਮਨ ਮਰਜ਼ੀ ਕਰਨ ਦੇ ਲਈ ਪਰਮੇਸ਼ੁਰ ਦੀ ਇੱਛਾ ਨੂੰ ਇੱਕ ਪਾਸੇ ਰੱਖ ਦਿੰਦੇ ਹਨ ਤਾਂ ਉਹ ਆਪਣੇ ਲਈ ਸਮੱਸਿਆਵਾਂ ਨੂੰ ਪੈਦਾ ਕਰਦੇ ਹਨ।*

ਇਸ ਤ੍ਰਾਸਦੀ ਵਿਚ ਪਹਿਲਾ ਦ੍ਰਿਸ਼ ਤਨਾਅ, ਬੁਰਾ ਵਿਹਾਰ, ਅਤੇ ਵਿਨਾਸਕਾਰੀ ਕਿਰਿਆਵਾਂ ਦੇ ਪੜਾਅ ਨੂੰ ਨਿਰਧਾਰਤ ਕਰਦਾ ਹੈ ਜੋ ਬਾਕੀ ਅਧਿਆਇ 27 ਤੇ ਹਾਵੀ ਹਨ। ਇਸਹਾਕ ਦੇ ਬੁਢਾਪੇ ਵਿਚ, ਉਸ ਦਾ ਵਿਸ਼ਵਾਸ ਸੀ ਕਿ ਇਹ ਉਹ ਸਮਾਂ ਹੈ ਜਦੋਂ ਉਸ ਨੂੰ ਆਪਣੇ ਵੱਡੇ ਪੁੱਤਰ, ਏਸਾਓ ਨੂੰ ਮਰਨ ਦੇ ਸਮੇਂ ਦੀ ਬਰਕਤ ਦੇ ਦਿੱਤੀ ਜਾਵੇ (27:1-4)। ਉਸ ਨੇ ਇਸ ਰੱਬੀ ਭਵਿੱਖਵਾਣੀ ਦੇ ਬਾਵਜੂਦ ਅਜਿਹਾ ਕਰਨ ਦਾ ਦ੍ਰਿੜ ਇਰਾਦਾ ਕੀਤਾ ਸੀ ਜੋ ਰਿਬਕਾਹ ਨੇ ਆਪਣੀ ਦਰਦਨਾਕ ਗਰਭ ਅਵਸਥਾ ਦੇ ਦੌਰਾਨ ਪ੍ਰਾਪਤ ਕੀਤੀ ਸੀ: "... ਵੱਡਾ ਛੋਟੇ ਦੀ ਟਹਿਲ ਕਰੇਗਾ" (25:23)।

ਇਸਹਾਕ ਅੰਨ੍ਹਾ ਸੀ; ਉਸ ਦੇ ਅੰਨ੍ਹੇਪਣ ਦੇ ਕਾਰਣ ਰਿਬਕਾਹ ਦੀ ਧੋਖੇਧੜੀ ਦੀ ਯੋਜਨਾ ਨੇ ਯਾਕੂਬ ਦੇ ਦੁਆਰਾ ਸਫਲ ਹੋ ਸਕੀ। ਕਿਉਂਕਿ ਇਸਹਾਕ ਨੇ ਸੋਚਿਆ ਸੀ ਕਿ ਉਸ ਦਾ ਮੌਤ ਦਾ ਦਿਨ ਬਹੁਤ ਹੀ ਨੇੜੇ ਹੈ, ਇਸ ਲਈ ਉਸ ਨੇ ਘਰ ਨੂੰ ਤਰਤੀਬ ਵਿਚ ਲਿਆਉਣ ਦਾ ਚੰਗਾ ਫੈਸਲਾ ਲਿਆ ਸੀ। ਪਰ, ਆਪਣੇ ਵੱਡੇ ਪੁੱਤਰ ਨੂੰ ਆਪਣੀ ਮੌਤ ਦੇ ਵੇਲੇ ਦੀ ਬਰਕਤ ਦੇਣ ਦਾ ਉਸ ਦਾ ਫ਼ੈਸਲਾ ਸਹੀ ਨਹੀ ਸੀ। ਏਸਾਓ ਆਤਮਿਕ ਵਿਚਾਰਧਾਰਾ ਵਾਲਾ ਵਿਅਕਤੀ ਨਹੀਂ ਸੀ। ਅਸਲ ਵਿਚ, ਉਹ ਇੱਕ ਸੰਸਾਰਿਕ ਵਿਅਕਤੀ ਸੀ; ਉਹ ਮੁੱਖ ਤੌਰ ਤੇ ਸਰੀਰ ਦੀ ਕਾਮਨਾ ਨੂੰ ਪੂਰਾ ਕਰਨ ਵਾਲਾ ਵਿਅਕਤੀ ਸੀ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ (ਵੇਖੋ 1 ਯੂਹੰਨਾ 2:16)। ਇਬਰਾਨੀਆਂ ਦੇ ਲੇਖਕ ਨੇ ਉਸ ਨੂੰ "ਹਰਾਮਕਾਰ"[8] ਅਤੇ "ਕੁਧਰਮੀ" ਵਿਅਕਤੀ ਕਿਹਾ (ਇਬਰਾਨੀਆਂ 12:16)। ਉਹ ਨਿਸ਼ਚਤ ਤੌਰ ਤੇ ਅਜਿਹਾ ਨੇਤਾ ਨਹੀਂ ਸੀ ਜੋ ਪਰਮੇਸ਼ੁਰ ਦੇ ਨੇਮ ਦੇ ਲੋਕਾਂ ਦੇ ਪਾਲਣ ਕਰਨ ਦੇ ਲਈ ਇੱਕ ਸਹੀ ਉਦਾਹਰਣ ਸਥਾਪਤ ਕਰ ਸਕੇਗਾ। ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਯਾਕੂਬ ਆਪਣੀ ਜਵਾਨੀ ਦੇ ਵੇਲੇ ਇੱਕ ਨਿਰਦੋਸ਼ ਚਰਿੱਤਰ ਵਾਲਾ ਆਦਮੀ ਸੀ, ਪਰ ਉਹ ਆਤਮਿਕ ਅਗਵਾਈ ਕਰਨ ਦੇ ਯੋਗ ਸੀ। ਪਰਮੇਸ਼ੁਰ ਯਾਕੂਬ ਦੇ ਵਿਸ਼ੇ ਵਿਚ ਇਹ ਜਾਣਦਾ ਸੀ, ਅਤੇ ਇਸਹਾਕ ਦੇ ਲਈ ਵੀ ਇਸ ਨੂੰ ਸਮਝਣਾ ਜ਼ਰੂਰੀ ਸੀ।

ਏਸਾਓ ਉਹ ਸਭ ਕੁਝ ਸੀ ਜੋ ਉਸ ਦਾ ਪਿਤਾ ਨਹੀਂ ਸੀ: ਇੱਕ ਰੜ ਵਿਚ ਰਹਿਣ ਵਾਲਾ ਆਦਮੀ ਅਤੇ ਮਾਹਰ ਸ਼ਿਕਾਰੀ ਜੋ ਸ਼ਿਕਾਰ ਮਾਰ ਕੇ ਉਸ ਤਰ੍ਹਾਂ ਨਾਲ ਪਕਾ ਸਕਦਾ ਸੀ ਜੋ ਖਾਣਾ ਉਸ ਦੇ ਪਿਤਾ ਨੂੰ ਬਹੁਤ ਹੀ ਪਸੰਦ ਸੀ (25:27, 28)। ਇਸਹਾਕ ਨੇ ਏਸਾਓ ਦੇ ਸ਼ਿਕਾਰ ਦੇ ਮਾਸ ਦੇ ਨਾਲ ਪਿਆਰ ਨੂੰ ਆਪਣੀ ਇੱਛਾ ਨੂੰ ਨਿਯੰਤਰਿਤ ਕਰਨ ਦੀ ਇਜਾਜ਼ਤ ਦਿੱਤੀ। ਕਿਉਂਕਿ ਇਸਹਾਕ ਨੇ ਆਪਣੇ ਲਾਡਲੇ ਪੁੱਤਰ ਦੇ ਭੋਜਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਮੰਗਿਆ, ਇਸ ਲਈ ਉਸ ਨੇ ਏਸਾਓ ਨੂੰ ਬੁਲਾਇਆ ਅਤੇ ਉਸ ਨੂੰ ਬਾਹਰ ਭੇਜਿਆ ਕਿ ਉਹ ਸ਼ਿਕਾਰ ਕਰੇ ਅਤੇ ਇੱਕ ਸੁਆਦਲਾ ਭੋਜ ਤਿਆਰ ਕਰੇ ਤਾਂ ਕਿ ਉਹ ਉਸ ਨੂੰ ਬਰਕਤ ਦੇਣ ਤੋਂ ਪਹਿਲਾਂ ਉਸ ਨੂੰ ਬਰਕਤ ਦੇ ਸਕੇ।

*ਪਾਠ:* ਇਸਹਾਕ ਦਾ ਤਜ਼ਰਬਾ ਪਰਮੇਸ਼ੁਰ ਦੇ ਹਰ ਯੁੱਗ ਦੇ ਲੋਕਾਂ ਦੇ ਲਈ ਇੱਕ ਚੇਤਾਵਨੀ ਹੈ ਕਿ ਆਪਣੀਆਂ ਸਰੀਰਕ ਇੰਦਰੀਆਂ ਸਵਾਦ (27:4, 9, 25), ਛੂਹਣ (27:21), ਸੁਣਨ (27:22), ਜਾਂ ਸੁੰਘਣ (27:27) ਤੇ ਵਿਸ਼ਵਾਸ ਨਾ ਕਰੋ। ਜੋ ਸਾਨੂੰ ਚੰਗਾ ਮਹਿਸੂਸ ਕਰਵਾਉਂਦਾ ਹੈ; ਇਹ ਜ਼ਰੂਰੀ ਨਹੀਂ ਹੈ ਕਿ ਉਹ ਸਾਡੇ ਲਈ ਚੰਗਾ ਹੋਵੇ; ਇਹ ਜ਼ਰੂਰੀ ਨਹੀਂ ਹੈ ਕਿ ਉਹ ਸਾਡੇ ਵਾਸਤੇ ਪਰਮੇਸ਼ੁਰ ਦੀ ਇੱਛਾ ਹੋਵੇ। ਅਰਨੇਸਟ ਹੈਮਿੰਗਵੇ ਦੇ ਨਾਵਲ *ਡੇਥ ਇਨ ਦ ਆਫਟਰਨੂਨ* ਵਿਚ, ਇਸ ਚਰਿੱਤਰ ਨੇ ਲੇਖਕ ਦੇ ਆਪਣੇ ਵਿਚਾਰਾਂ ਨੂੰ ਪਰਗਟ ਕੀਤਾ ਹੋਵੇਗਾ ਜਦੋਂ ਉਸ ਨੇ

ਕਿਹਾ, "ਮੈਨੂੰ ਪਤਾ ਹੈ ਕਿ ਨੈਤਿਕਤਾ ਕੀ ਹੈ ਜਿਸ ਦੇ ਵਿਸ਼ੇ ਵਿਚ ਤੁਸੀਂ ਬਾਅਦ ਵਿਚ ਚੰਗਾ ਮਹਿਸੂਸ ਕਰਦੇ ਹੋ ਉਹ ਨੈਤਿਕਤਾ ਹੈ ਅਤੇ ਜਿਸ ਦੇ ਬਾਅਦ ਵਿਚ ਤੁਹਾਨੂੰ ਬੁਰਾ ਮਹਿਸੂਸ ਹੁੰਦਾ ਹੈ ਉਹ ਅਨੈਤਿਕਤਾ ਹੈ।"[9] ਅੱਜ ਬਹੁਤ ਸਾਰੇ ਲੋਕ ਜੀਵਨ ਵਿਚ ਦਰਸ਼ਣ ਦਾ ਸਮਰਥਨ ਕਰਦੇ ਹਨ, ਅਤੇ ਸਿਰਫ ਭਾਵਨਾਵਾਂ ਦੇ ਅਧਾਰ ਤੇ ਮਹੱਤਵਪੂਰਣ ਫ਼ੈਸਲੇ ਲੈਂਦੇ ਹਨ। 1970 ਦੇ ਦਹਾਕੇ ਦੇ ਇੱਕ ਪ੍ਰਸਿੱਧ ਗੀਤ ਵਿਚ ਕਿਹਾ ਗਿਆ ਸੀ, "ਜੇਕਰ ਸਹੀ ਮਹਿਸੂਸ ਹੁੰਦਾ ਹੈ ਤਾਂ ਇਹ ਗਲਤ ਨਹੀਂ ਹੋ ਸਕਦਾ ਹੈ।"[10] ਅੱਜ ਵੀ ਲੋਕ ਅਜਿਹੀ ਸੋਚ ਦੇ ਕਾਰਣ ਧੋਖਾ ਖਾਂਦੇ ਹਨ, ਜਿਵੇਂ ਬਹੁਤ ਸਾਲ ਪਹਿਲਾਂ ਇਸਹਾਕ ਨੇ ਖਾਧਾ ਸੀ।

*ਦ੍ਰਿਸ਼ 2. ਪਰਮੇਸ਼ੁਰ ਦੇ ਲੋਕ ਧੋਖਾਧੜੀ ਅਤੇ ਮਨੋਰੰਜਕ ਕੰਮਾਂ ਦਾ ਇਸਤੇਮਾਲ ਨਹੀਂ ਕਰਦੇ, ਇੱਥੋਂ ਤੱਕ ਕਿ ਇਹ ਗਰੰਟੀ ਦੇਣ ਦੀ ਕੋਸ਼ਿਸ਼ ਵਿਚ ਵੀ ਨਹੀਂ ਕਿ ਦੁਨੀਆਂ ਨੂੰ ਅਸੀਸ ਦੇਣ ਦੀ ਉਨ੍ਹਾਂ ਦੀ ਇੱਛਾ ਪੂਰੀ ਹੋ ਗਈ ਹੈ।* ਇੱਕ ਦੁਖਦਾਇਕ ਅਤੇ ਉਦਾਸ ਸਥਿਤੀ ਉਦੋਂ ਵਾਪਰਦੀ ਹੈ ਜਦੋਂ ਇੱਕ ਪਤੀ ਅਤੇ ਪਤਨੀ ਇੱਕ ਦੂਜੇ ਦੇ ਨਾਲ ਈਮਾਨਦਾਰੀ ਦੇ ਨਾਲ ਗੱਲਬਾਤ ਨਹੀਂ ਕਰ ਸਕਦੇ ਹੋਣ। ਇੰਝ ਜਾਪਦਾ ਹੈ ਕਿ ਇਸਹਾਕ ਅਤੇ ਰਿਬਕਾਹ ਦੇ ਰਿਸ਼ਤੇ ਵਿਚ ਇਹ ਸਥਿਤੀ, ਖਾਸ ਤੌਰ ਤੇ ਉਨ੍ਹਾਂ ਦੇ ਬਾਅਦ ਦੇ ਸਾਲਾਂ ਵਿਚ ਹੋਈ ਸੀ। ਪਿਤਾ-ਪੁਰਖਾਂ ਦੇ ਸੰਸਾਰ ਵਿਚ, ਇੱਕ ਮਨੁੱਖ ਦਾ ਸ਼ਬਦ ਬੱਝ ਜਾਂਦਾ ਸੀ ਅਤੇ ਅਟੱਲ ਹੁੰਦਾ ਸੀ। ਇਸ ਦ੍ਰਿਸ਼ ਵਿਚ, ਜਦੋਂ ਰਿਬਕਾਹ ਨੇ ਇਸਹਾਕ ਨੂੰ ਏਸਾਓ ਦੇ ਨਾਲ ਮੌਤ ਦੇ ਸਮੇਂ ਦੀ ਬਰਕਤ ਦੇ ਵਿਸ਼ੇ ਵਿਚ ਗੱਲਾਂ ਕਰਦਿਆਂ ਸੁਣਿਆ, ਤਾਂ ਉਹ ਘਬਰਾ ਗਈ। ਉਸ ਨੇ ਸੋਚਿਆ ਕਿ ਆਪਣੇ ਪਤੀ ਨਾਲ ਇਸ ਮਾਮਲੇ ਵਿਚ ਤਰਕ ਕਰਨਾ ਬੇਕਾਰ ਸੀ, ਕਿਉਂਕਿ ਉਸ ਨੇ ਆਪਣੇ ਵੱਡੇ ਅਤੇ ਲਾਡਲੇ ਪੁੱਤਰ ਨੂੰ ਬਰਕਤ ਦੇਣ ਦਾ ਦ੍ਰਿੜ ਨਿਹਚਾ ਕਰ ਲਿਆ ਹੈ। ਇਸ ਤੋਂ ਇਲਾਵਾ, ਰਿਬਕਾਹ ਨੂੰ ਡਰ ਸੀ ਕਿ ਇਸਹਾਕ ਉਸ ਉੱਤੇ ਦੋਸ਼ ਲਾਵੇਗਾ ਕਿ ਉਹ ਆਪਣੇ ਲਾਡਲੇ ਪੁੱਤਰ ਯਾਕੂਬ ਦੇ ਲਈ ਬਰਕਤ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਬੇਸ਼ੱਕ, ਆਪਣੇ ਪਤੀ ਨੂੰ ਧੋਖਾ ਦੇਣ ਦੇ ਫੈਸਲੇ ਵਿਚ ਇਸ ਦਾ ਵੀ ਕੋਈ ਹਿੱਸਾ ਹੋ ਸਕਦਾ ਹੈ, ਪਰ ਕਈ ਸਾਲ ਪਹਿਲਾਂ ਪਰਮੇਸ਼ੁਰ ਨੇ ਕਈ ਸਾਲ ਪਹਿਲਾਂ ਕਿਹਾ ਸੀ ਕਿ ਏਸਾਓ ਯਾਕੂਬ ਦੀ ਸੇਵਾ ਕਰੇਗਾ (25:23)। ਜੇਕਰ ਅਸੀਂ ਰਿਬਕਾਹ ਦੇ ਉਦੇਸ਼ਾਂ ਦੇ ਵਿਸ਼ੇ ਵਿਚ ਸੋਚਣਾ ਸ਼ੁਰੂ ਕਰਦੇ ਹਾਂ, ਇਸ ਗੱਲ ਨੂੰ ਨਿਸ਼ਚਤ ਕਰਨ ਦੇ ਲਈ ਅਸੀਂ ਬਾਅਦ ਵਿਚ ਇੱਕ ਪ੍ਰਾਥਮਿਕ ਕਾਰਕ ਦੇ ਰੂਪ ਵਿਚ ਉਸ ਦੀ ਯੋਜਨਾ ਵਿਚ ਵੇਖ ਸਕਦੇ ਹਾਂ ਕਿ ਉਸ ਦਾ ਉਦੇਸ਼ ਇਸ ਗੱਲ ਨੂੰ ਯਕੀਨੀ ਬਣਾਉਣਾ ਸੀ ਕਿ ਇਸਹਾਕ ਯਾਕੂਬ ਨੂੰ ਬਰਕਤ ਦੇ ਰਿਹਾ ਸੀ।

ਰਿਬਕਾਹ ਦੇ ਇਰਾਦੇ ਭਾਵੇਂ ਕੁਝ ਵੀ ਕਿਉਂ ਨਾ ਹੋਣ, ਪਰ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਸੀਂ ਉਸ ਦੇ ਕੰਮਾਂ ਦਾ ਬਹਾਨਾ ਨਾ ਬਣਾਈਏ। ਪਰਮੇਸ਼ੁਰ ਧੋਖੇ ਅਤੇ ਛੇੜ ਛੇੜ ਦੀ ਮਨਜ਼ੂਰੀ ਨਹੀਂ ਦਿੰਦਾ, ਭਾਵੇਂ ਉਸ ਦਾ ਅੰਤ ਚੰਗਾ ਹੀ ਕਿਉਂ ਨਾ ਹੋਵੇ (ਰੋਮੀਆਂ 3:8)। ਭਾਵੇਂ ਰਿਬਕਾਹ ਨੇ ਆਪਣੇ ਕੰਮਾਂ ਨੂੰ ਤਰਕਸੰਗਤ ਬਣਾਇਆ ਹੈ, ਪਰ ਉਹ ਪਰਿਵਾਰ ਦੇ ਲਈ ਭਈ ਗਲਤ ਅਤੇ ਵਿਨਾਸਕਾਰੀ ਸਨ। ਨਤੀਜਿਆਂ ਦੇ ਬਾਵਜੂਦ, ਉਸ ਨੇ ਆਪਣੀ ਯੋਜਨਾ ਨੂੰ ਪੂਰਾ ਕਰਨ ਦੇ ਲਈ ਯਾਕੂਬ ਨੂੰ ਇਸਤੇਮਾਲ ਕਰਨ ਦਾ ਫੈਸਲਾ ਕੀਤਾ। ਪਹਿਲਾ, ਉਸਨੇ ਉਸ ਨੂੰ ਦੋ ਬੱਕਰੀਆਂ ਮਾਰਨ ਦੇ ਲਈ ਕਿਹਾ ਤਾਂ ਕਿ ਉਹ ਉਨ੍ਹਾਂ ਨੂੰ ਉਸ ਤਰੀਕੇ ਦੇ ਨਾਲ ਪਕਾਵੇ ਅਤੇ ਸਵਾਦ ਦੇਵੇ ਤਾਂ ਕਿ ਇਸਹਾਕ ਨੂੰ ਧੋਖਾ ਦਿੱਤਾ ਜਾ ਸਕੇ ਕਿ ਉਹ ਆਪਣੇ ਪੁੱਤਰ ਦੇ ਦੁਆਰਾ ਲਿਆਇਆ ਗਿਆ ਰੜ ਦੇ ਸ਼ਿਕਾਰ ਦਾ ਮਾਸ ਹੀ ਖਾ ਰਿਹਾ ਸੀ। ਫਿਰ ਉਸ ਨੇ ਆਪਣੇ ਛੋਟੇ ਪੁੱਤਰ ਨੂੰ ਏਸਾਓ ਦੇ ਕੱਪੜੇ ਪਹਿਨਾਏ ਅਤੇ ਉਸ ਦੀਆਂ ਬਾਹਾਂ ਅਤੇ ਗਲੇ ਨੂੰ ਬੱਕਰੀ ਦੀਆਂ ਖੱਲਾਂ

ਦੇ ਨਾਲ ਢੱਕ ਦਿੱਤਾ ਤਾਂ ਕਿ ਆਪਣੇ ਅੰਨ੍ਹੇ ਪਤੀ ਨੂੰ ਧੋਖਾ ਦਿੱਤਾ ਜਾ ਸਕੇ। ਉਸ ਦੀ ਯੋਜਨਾ ਵਿਚ ਉਸ ਬੁੱਧ ਦੀ ਬਜਾਇ ਜੋ ਉੱਪਰ ਤੋਂ ਆਉਂਦੀ ਹੈ ਇਸ ਸੰਸਾਰੀ ਦੀ ਬੁੱਧ ਦਾ ਇਸਤੇਮਾਲ ਕੀਤਾ ਗਿਆ ਸੀ (ਯਾਕੂਬ 3:13-18)। ਰਿਬਕਾਹ ਦੀ ਧੋਖੇ ਦੀ ਯੋਜਨਾ ਸਰ ਵਾਲਟਰ ਸਕਾਟ ਦੇ ਦੁਆਰਾ ਲਿਖੇ ਇੱਕ ਮਸ਼ਹੂਰ ਵਿਰਤਾਂਤ ਦੀ ਯਾਦ ਦਿਵਾਉਂਦੀ ਹੈ: "ਓ, ਜਦੋਂ ਅਸੀਂ ਪਹਿਲਾ ਧੋਖਾ ਦਿੰਦੇ ਹਾਂ, ਤਾਂ ਅਸੀਂ ਕਿੰਨਾ ਗੁੰਝਲਦਾਰ ਜਾਲ ਬੁਣਦੇ ਹਾਂ!"[11]

*ਪਾਠ:* ਪਰਮੇਸ਼ੁਰ ਆਪਣੇ ਅੰਤਿਮ ਉਦੇਸ਼ ਨੂੰ ਪੂਰਾ ਕਰਨ ਦੇ ਲਈ ਚੰਗੇ ਅਤੇ ਬੁਰੇ ਕੰਮਾਂ ਨੂੰ ਇਸਤੇਮਾਲ ਕਰ ਸਕਦਾ ਹੈ (ਰੋਮੀਆਂ 8:28), ਪਰ ਪਰਮੇਸ਼ੁਰ ਦੀ ਉਸ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਮਦਦ ਕਰਨ ਦੇ ਰੂਪ ਵਿਚ ਕੁਝ ਪਾਪ ਭਰਿਆ ਜਾਂ ਨੁਕਸਾਨਦੇਹ ਕਰਨਾ ਕੋਈ ਬਹਾਨਾ ਨਹੀਂ ਹੈ। ਸੱਚੇ ਵਿਸ਼ਵਾਸ ਦਾ ਅਰਥ ਯੋਜਨਾਬੱਧ ਅਤੇ ਧੋਖੇਬਾਜ਼ੀ ਤੋਂ ਬਿਨਾਂ ਜੀਵਨ ਗੁਜ਼ਾਰਨਾ ਹੈ। ਇਸ ਵਿਚ ਪ੍ਰਭੂ ਦੇ ਪ੍ਰਤਿ ਆਗਿਆਕਾਰੀ ਦੀ ਲੋੜ ਹੁੰਦੀ ਹੈ, ਭਾਵੇਂ ਸਾਨੂੰ ਕਿਹੋ ਜਿਹਾ ਵੀ ਮਹਿਸੂਸ ਕਿਉਂ ਨਾ ਹੋਵੇ ਜਾਂ ਅਸੀਂ ਸੋਚਦੇ ਹਾਂ ਕਿ ਹੋ ਸਕਦਾ ਹੈ। ਰਿਬਕਾਹ ਦੀ ਮੂਲ ਸਮੱਸਿਆ ਇਹ ਸੀ ਕਿ ਉਹ ਪਰਮੇਸ਼ੁਰ ਦੀਆਂ ਯੋਜਨਾਵਾਂ ਨੂੰ ਪੂਰਾ ਕਰਨ ਦੇ ਲਈ ਉਸ ਤੇ ਭਰੋਸਾ ਨਹੀਂ ਕਰਦੀ ਸੀ; ਸਗੋਂ ਉਹ ਧੋਖੇ ਨਾਲ ਭਰੇ ਤਰੀਕਿਆਂ ਨੂੰ ਇਸਤੇਮਾਲ ਕਰਕੇ ਪਰਮੇਸ਼ੁਰ ਦੀ ਮਦਦ ਕਰਨਾ ਚਾਹੁੰਦੀ ਸੀ।

ਇੱਕ ਵਿਸ਼ਵਾਸੀ ਦੇ ਜੀਵਨ ਵਿਚ ਧੋਖੇਬਾਜ਼ੀ ਦਾ ਕੋਈ ਸਥਾਨ ਨਹੀਂ ਹੈ। ਸ਼ਤਾਨ ਸਾਰੇ ਸੰਸਾਰ ਨੂੰ ਧੋਖਾ ਦੇਣ ਵਾਲਾ ਹੈ (ਪਰਕਾਸ਼ 12:9), ਅਤੇ ਉਹ ਸੰਸਾਰ ਦੇ ਅਰੰਭ ਤੋਂ ਹੀ ਲੋਕਾਂ ਨਾਲ ਝੂਠ ਬੋਲਦਾ ਅਤੇ ਧੋਖਾ ਦਿੰਦਾ ਆ ਰਿਹਾ ਹੈ (3:1-13)। ਯਿਸੂ ਸੱਚ ਹੈ (ਯੂਹੰਨਾ 14:6; ਵੇਖੋ 8:32, 36), ਅਤੇ ਉਸ ਵਿਚ ਕੋਈ ਝੂਠ ਪਾਇਆ ਨਹੀਂ ਜਾਂਦਾ ਹੈ। "ਧੰਨ ਹੈ ਉਹ ਆਦਮੀ ... ਜਿਹ ਦੇ ਆਤਮਾ ਵਿੱਚ ਕਪਟ ਨਹੀਂ" (ਜ਼ਬੂਰ 32:2)।

*ਦ੍ਰਿਸ਼ 3. ਪਰਮੇਸ਼ੁਰ ਦੇ ਲੋਕ ਧੋਖਾਧੜੀ ਦੀਆਂ ਯੋਜਨਾਵਾਂ ਦੇ ਦੁਆਰਾ ਸਫਲਤਾ ਹਾਸਲ ਕਰ ਸਕਦੇ ਹਨ, ਪਰ ਆਪਣੇ ਕੰਮਾਂ ਦੇ ਲਈ ਉਨ੍ਹਾਂ ਨੂੰ ਅਕਸਰ ਭਾਰੀ ਕੀਮਤ ਅਦਾ ਕਰਨੀ ਪੈਂਦੀ ਹੈ।* ਅਗਲੇ ਦ੍ਰਿਸ਼ ਵਿਚ, ਯਾਕੂਬ, ਰਿਬਕਾਹ ਦੀ ਤਤਕਾਲੀ ਮੰਗ ਨਾਲ ਸਹਿਮਤ ਹੋ ਗਿਆ ਸੀ ਤਾਂਕਿ ਉਹ ਇਸਹਾਕ ਨੂੰ ਰੋਕਿਆ ਜਾ ਸਕੇ ਕਿ ਉਹ ਮਰਨ ਦੇ ਵੇਲੇ ਦੀ ਬਰਕਤ ਏਸਾਓ ਨੂੰ ਨਾ ਦੇਵੇ। ਉਹ ਜਾਣਦਾ ਸੀ ਕਿ ਆਪਣੇ ਬਿਰਧ ਅਤੇ ਅੰਨ੍ਹੇ ਪਿਤਾ ਨੂੰ ਧੋਖਾ ਦੇਣਾ ਗਲਤ ਗੱਲ ਹੈ, ਪਰ ਨੈਤਿਕ ਦੁਰਵਿਹਾਰ ਦੇ ਕਾਰਣ ਉਹ ਅਜਿਹਾ ਕਰਨ ਤੋਂ ਝਿਜਕਿਆ ਨਹੀਂ ਸੀ। ਉਸ ਨੂੰ ਇੱਕੋ ਗੱਲ ਦਾ ਫਿਕਰ ਸੀ ਕਿ ਇਸਹਾਕ ਉਨ੍ਹਾਂ ਦੀ ਧੋਖੇਬਾਜ਼ੀ ਨੂੰ ਸਮਝ ਨਾ ਜਾਵੇ ਅਤੇ ਬਰਕਤ ਦੀ ਬਜਾਇ ਸਰਾਪ ਨਾ ਦੇ ਦੇਵੇ (27:12)।

ਕਹਾਣੀ ਵਿਚ ਸਾਨੂੰ ਯਾਕੂਬ ਦੀ ਇੱਛਾ ਦੇ ਬਾਰੇ ਪਿਛਲੀ ਝਲਕ ਦਿੱਤੀ ਗਈ ਸੀ ਕਿ ਕਿਵੇਂ ਉਸ ਨੇ ਏਸਾਓ ਦੀ ਭੁੱਖ ਦਾ ਫਾਇਦਾ ਚੁੱਕਿਆ ਸੀ ਕਿ ਦਾਲ ਦੇ ਇੱਕ ਕਟੋਰੇ ਦੇ ਲਈ ਆਪਣੇ ਪਹਿਲੌਠੇ ਹੋਣ ਦਾ ਅਧਿਕਾਰ ਉਸ ਕੋਲੋਂ ਲੈ ਲਿਆ ਸੀ (25:29-34)। ਜਦੋਂ ਉਸ ਦੀ ਮਾਂ ਨੇ ਉਸ ਨੂੰ ਉਤਸਾਹਿਤ ਕੀਤਾ ਕਿ ਉਹ ਉਸ ਬਰਕਤ ਦੇ ਲਈ ਉਸ ਨੂੰ ਧੋਖਾ ਦੇਵੇ ਜੋ ਉਸ ਨੇ ਏਸਾਓ ਦੇ ਲਈ ਰੱਖੀ ਸੀ ਤਾਂ ਉਸ ਦੀ ਇੱਛਾ ਫਿਰ ਤੋਂ ਉਜਾਗਰ ਹੋ ਗਈ। ਜੀਵਨ ਵਿਚ ਲਾਲਸਾ ਇੱਕ ਚੰਗੀ ਚੀਜ਼ ਹੋ ਸਕਦੀ ਹੈ; ਇੱਕ ਵਿਅਕਤੀ ਜੋ ਸਖਤ ਮੇਹਨਤ ਕਰਦਾ ਅਤੇ ਈਮਾਨਦਾਰੀ ਦੇ ਨਾਲ ਸਫਲਤਾ ਹਾਸਲ ਕਰਦਾ ਹੈ ਉਹ ਆਪਣੇ ਪਰਿਵਾਰ ਅਤੇ ਸਮਾਜ ਦੇ ਲਈ ਇੱਕ ਬਰਕਤ ਹੋ ਸਕਦਾ ਹੈ। ਪਰ, ਬਹੁਤ ਜ਼ਿਆਦਾ ਲਾਲਸਾਵਾਂ ਰੱਖਣ ਵਾਲਾ ਵਿਅਕਤੀ ਧੋਖੇਬਾਜੀ ਦੇ

ਸਾਧਨਾਂ ਦੀ ਵਰਤੋਂ ਕਰਕੇ ਸਫਲਤਾ ਦੇ ਲਈ ਸ਼ਾਰਟ ਕੱਟ ਲੈਂਦਾ ਹੈ। ਯਾਕੂਬ ਦੀ ਸਮੱਸਿਆ ਇਹੋ ਸੀ।

ਧੋਖਾਬਾਜ਼ੀ ਦਾ "ਗੁੰਝਲਦਾਰ ਜਾਲ" ਉਸ ਦਿਨ ਸ਼ੁਰੂ ਹੋਇਆ ਸੀ ਜਦੋਂ ਯਾਕੂਬ ਆਪਣੀ ਮਾਂ ਦੀ ਯੋਜਨਾ ਵਿਚ ਭਾਗ ਲੈਣ ਦੇ ਲਈ ਤਿਆਰ ਹੋ ਗਿਆ ਸੀ। ਇਕ ਵਾਰ ਉਹ ਏਸਾਓ ਦੇ ਕੱਪੜੇ ਲੈਣ ਦੇ ਲਈ ਕਮਰੇ ਵਿਚ ਦਾਖਲ ਹੋਇਆ, ਰਿਬਕਾਹ ਦੁਆਰਾ ਤਿਆਰ ਕੀਤੇ ਭੋਜਨ ਨੂੰ ਲੈ ਜਾਣਾ, ਇੱਕ ਝੂਠ ਦੂਜੇ ਝੂਠ ਵੱਲ ਅਗਵਾਈ ਕਰਦਾ ਹੈ। ਧੋਖੇਬਾਜ਼ੀ ਨੇ ਹੋਰ ਧੋਖੇਧੜੀ ਦੀ ਮੰਗ ਕੀਤੀ ਕਿਉਂਕਿ ਯਾਕੂਬ ਨੇ ਵਿਸ਼ਵਾਸਘਾਤ ਦਾ ਜਾਲ ਬੁਣਿਆ ਸੀ। ਪਹਿਲਾਂ, ਇਹ ਦਾਅਵਾ ਕਰਦੇ ਹੋਏ ਕਿ ਉਹ ਏਸਾਓ ਸੀ, ਉਸ ਨੇ ਆਪਣੇ ਨਾਮ ਦੇ ਲਈ ਝੂਠ ਬੋਲਿਆ। ਇਸ ਨੇ ਉਸ ਦੀ ਅਗਵਾਈ ਕੀਤੀ ਕਿ ਉਹ ਇਸਹਾਕ ਦਾ ਜੇਠਾ ਪੁੱਤਰ ਹੋਣ ਦੇ ਵਿਸ਼ੇ ਵਿਚ ਝੂਠ ਬੋਲੇ। ਫਿਰ ਉਸ ਨੇ ਦਾਅਵਾ ਕੀਤਾ ਕਿ ਬੱਕਰੀ ਦਾ ਮਾਸ ਉਸ ਦੇ "ਸ਼ਿਕਾਰ" ਦਾ ਮਾਸ ਹੈ, ਜਿਸ ਦੇ ਕਾਰਣ ਉਸ ਨੇ ਕੁਫ਼ਰ ਬਕਿਆ, ਕਿ ਪਰਮੇਸ਼ੁਰ ਨੇ ਉਸ ਨੂੰ ਜਲਦੀ ਹਾਸਲ ਕਰਨ ਦੇ ਵਿਚ ਉਸ ਦੀ ਮਦਦ ਕੀਤੀ। ਜਦੋਂ ਯਾਕੂਬ ਦੀ ਅਵਾਜ਼ ਨੇ ਇਸਹਾਕ ਨੂੰ ਸ਼ੱਕ ਵਿਚ ਪਾ ਦਿੱਤਾ, ਤਾਂ ਉਸ ਨੇ ਫਿਰ ਉਸ ਨੂੰ ਵਾਲਾਂ ਵਾਲੀਆਂ ਬਕਰੀਆਂ ਦੀਆਂ ਖੱਲਾਂ ਨੂੰ ਛੂਹ ਲੈਣ ਦੀ ਇਜਾਜ਼ਤ ਦੇਣ ਦੇ ਦੁਆਰਾ ਫਿਰ ਤੋਂ ਆਪਣੇ ਪਿਤਾ ਨੂੰ ਧੋਖਾ ਦਿੱਤਾ ਕਿ ਉਹ ਸੋਚੇ ਕਿ ਇਹ ਉਸ ਦੇ ਵੱਡੇ ਪੁੱਤਰ ਦੇ ਹੱਥ ਹਨ। ਆਖਿਰਕਾਰ, ਸੁਆਦਲਾ ਭੋਜਨ ਖਾਣ ਦੇ ਬਾਅਦ, ਇਸਹਾਕ ਨੇ ਆਪਣੇ ਪੁੱਤਰ ਨੂੰ ਆਪਣੇ ਕੋਲ ਆਉਣ ਲਈ ਕਿਹਾ ਅਤੇ ਉਸ ਨੂੰ ਚੁੰਮਿਆ; ਜਦੋਂ ਯਾਕੂਬ ਨੇ ਅਜਿਹਾ ਕੀਤਾ, ਤਾਂ ਇਸਹਾਕ ਨੇ ਉਸ ਦੇ ਕੱਪੜਿਆਂ ਨੂੰ ਸੁੰਘਿਆ, ਉਸ ਦੇ ਝੂਠ ਨੂੰ ਸਵੀਕਾਰ ਕਰ ਲਾ ਕਿ ਉਹ ਸੱਚਮੁੱਚ ਏਸਾਓ ਹੈ, ਅਤੇ ਉਸ ਨੂੰ ਮਰਨ ਦੇ ਸਮੇਂ ਦੀ ਬਰਕਤ ਦਿੱਤੀ।

*ਪਾਠ:* ਜਦੋਂ ਯਾਕੂਬ ਨੇ ਇਹ ਧੋਖਾ ਸ਼ੁਰੂ ਕੀਤਾ, ਤਾਂ ਸ਼ਾਇਦ ਉਸ ਸਮੇਂ ਉਸ ਨੂੰ ਇਹ ਪਤਾ ਨਹੀਂ ਸੀ ਕਿ ਉਸ ਦੇ ਕੰਮਾਂ ਦੇ ਸਿੱਟੇ ਕਿਹੋ ਜਿਹੇ ਨਿਕਲਣਗੇ। ਉਸ ਨੇ ਦਿਲ ਦੇ ਦਰਦ, ਵੱਖਰਾ ਹੋਣਾ, ਅਤੇ ਇਕੱਲੇ ਪਣ ਦੀ ਕਦੀ ਵੀ ਚਿੰਤਾ ਨਹੀਂ ਕੀਤੀ ਸੀ ਜੋ ਉਸ ਦੇ ਪਰਿਵਾਰ ਨੂੰ ਝੱਲਣਾ ਪੈਣਾ ਸੀ। ਯਕੀਨਨ, ਉਸ ਨੇ ਉਸ ਡਰ ਦਾ ਅੰਦਾਜ਼ਾ ਨਹੀਂ ਲਾਇਆ ਸੀ ਕਿ ਉਸ ਦੀ ਮੌਤ ਏਸਾਓ ਦੇ ਹੱਥੋਂ ਹੋਵੇਗੀ। ਕਿਉਂਕ ਰਿਬਕਾਹ ਨੇ ਯਾਕੂਬ ਨੂੰ ਭਰੋਸਾ ਦਿਵਾਇਆ ਸੀ ਕਿ ਉਹ "ਥੋੜੇ ਦਿਨ" ਹਾਰਾਨ ਵਿਚ ਰਹੇਗਾ (27:44), ਉਸ ਨੇ ਕਦੀ ਵੀ ਇਸ ਗੱਲ ਤੇ ਵਿਚਾਰ ਨਹੀਂ ਕੀਤਾ ਹੋਵੇਗਾ ਕਿ ਉਹ ਵੀਹ ਸਾਲ ਉੱਥੇ ਗੁਜ਼ਾਰੇਗਾ ਅਤੇ ਉਸ ਨੂੰ ਆਪਣੀ ਮਾਤਾ ਨੂੰ ਦੁਬਾਰਾ ਮਿਲਣ ਦਾ ਮੌਕਾ ਕਦੀ ਨਹੀਂ ਮਿਲੇਗਾ। ਇਸੇ ਕਾਰਣ ਪਾਪ ਇਨ੍ਹਾਂ ਉਲਝਣ ਵਾਲਾ ਅਤੇ ਕਪਟੀ ਬਣਦਾ ਹੈ: ਇਹ ਤੁਰੰਤ ਸੰਤੁਸ਼ਟੀ ਪ੍ਰਦਾਨ ਕਰਦਾ ਹੈ (3:6; 1 ਯੂਹੰਨਾ 2:15-17), ਖੁਸ਼ੀ (ਇਬਰਾਨੀਆਂ 11:25), ਜਾਂ ਸਫਲਤਾ (11:4); ਪਰ ਇਹ ਆਪਣੇ ਆਪ ਦੇ, ਪਰਿਵਾਰ ਦੇ, ਅਤੇ ਮਿੱਤਰਾਂ ਦੇ ਪਾਪ, ਸਵੈ-ਮਾਣ ਅਤੇ ਦੁੱਖ ਨੂੰ ਲੁਕਾਉਂਦਾ (27:30-40; 2 ਸਮੂਏਲ 12:9-14; ਜ਼ਬੂਰ 32:3, 4; 51:1-19; ਮੱਤੀ 26:47-50; 27:3-5)।

*ਦ੍ਰਿਸ਼ 4. ਉਸ ਖਤਰੇ ਅਤੇ ਮੁਸ਼ਕਲਾਂ ਦੇ ਬਾਵਜੂਦ ਜੋ ਵਿਸ਼ਵਾਸੀ ਲੋਕ ਪਾਪ ਦੇ ਕਾਰਣ ਆਪਣੇ ਆਪ ਉੱਤੇ ਲਿਆਉਂਦੇ ਹਨ ਪਰਮੇਸ਼ੁਰ ਉਨ੍ਹਾਂ ਦੇ ਜੀਵਨਾਂ ਵਿਚ ਬਰਕਤਾਂ ਲਿਆਉਣ ਦੇ ਯੋਗ ਹੈ।* ਇਸ ਕਹਾਣੀ ਵਿਚਲਾ ਹਰ ਇੱਕ ਵਿਅਕਤੀ ਪਾਪੀ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਅਸਫਲ ਰਿਹਾ ਸੀ। ਜਦੋਂ ਇਸਹਾਕ ਯਾਕੂਬ ਨੂੰ ਬਰਕਤ ਦੇ ਰਿਹਾ ਸੀ ਤਾਂ ਪਰਮੇਸ਼ੁਰ ਦਾ ਹੱਥ ਯਾਕੂਬ ਅਤੇ ਏਸਾਓ ਨੂੰ ਵੱਖੋ-ਵੱਖ ਰੱਖਣ ਵਿਚ ਕੰਮ ਕਰ ਰਿਹਾ ਸੀ। ਇੰਝ ਜਾਪਦਾ ਹੈ ਕਿ ਪ੍ਰਭੂ

ਨੇ ਨਾ ਸਿਰਫ ਛੋਟੇ ਪੁੱਤਰ ਨੂੰ ਹੀ ਬਚਾਇਆ ਅਤੇ ਪਰਿਵਾਰ ਨੂੰ ਖਿੰਡਣ ਤੋਂ ਰੋਕਿਆ, ਪਰ ਉਸ ਨੇ ਇਸ ਉਮੀਦ ਨੂੰ ਵੀ ਜ਼ਿੰਦਾ ਰੱਖਿਆ ਕਿ ਅਬਰਾਹਾਮ ਨਾਲ ਕੀਤੇ ਗਏ ਵਾਇਦੇ ਅਜੇ ਵੀ ਲਾਗੂ ਹਨ ਅਤੇ ਪਰਮੇਸ਼ੁਰ ਉਨ੍ਹਾਂ ਨੂੰ ਆਪਣੇ ਤਰੀਕੇ ਦੇ ਨਾਲ ਪੂਰਾ ਕਰੇਗਾ।

ਆਖਰੀ ਦ੍ਰਿਸ਼ ਵਿਚ, ਏਸਾਓ ਇਸਹਾਕ ਦੇ ਤੰਬੂ ਵਿਚ ਪਹੁੰਚਿਆ। ਉਨ੍ਹਾਂ ਨੇ ਉਸ ਸਾਜਸ਼ ਅਤੇ ਧੋਖੇ ਦੇ ਲਈ ਜੋ ਰਿਬਕਾਹ ਅਤੇ ਯਾਕੂਬ ਨੇ ਉਨ੍ਹਾਂ ਦੇ ਵਿਰੋਧ ਵਿਚ ਕੀਤੇ ਸਨ ਵੱਖ ਵੱਖ ਤਰੀਕਿਆਂ ਦੇ ਨਾਲ ਪ੍ਰਤੀਉੱਤਰ ਦਿੱਤਾ (27:30-34)। ਇਸਹਾਕ "ਅਤਯੰਤ ਥਰ ਥਰ ਕੰਬਿਆ" ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਛੋਟੇ ਪੁੱਤਰ ਨੇ ਉਸ ਦੀ ਮੌਤ ਦੇ ਸਮੇਂ ਦੀ ਬਰਕਤ ਨੂੰ ਪ੍ਰਾਪਤ ਕਰਨ ਦੇ ਲਈ ਉਸ ਨੂੰ ਧੋਖਾ ਦਿੱਤਾ ਹੈ ਜੋ ਉਹ ਆਪਣੇ ਵੱਡੇ ਪੁੱਤਰ ਨੂੰ ਦੇਣਾ ਚਾਹੁੰਦਾ ਸੀ। ਉਹ ਜਾਣਦਾ ਸੀ ਕਿ ਪਰਮੇਸ਼ੁਰ ਦੇ ਸਾਹਮਣੇ ਚੁੱਕੀ ਗਈ ਸਹੁੰ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੈ (27:33)।

ਏਸਾਓ "ਅਤਯੰਤ ਕੁੜੱਤਣ ਨਾਲ ਭੁੱਬਾਂ ਮਾਰ ਕੇ ਰੋਇਆ" (27:34), ਉਸ ਨੂੰ ਇਹ ਆਸ ਸੀ ਕਿ ਇਸਹਾਕ ਉਸ ਬਰਕਤ ਨੂੰ ਜੋ ਉਸ ਨੇ ਯਾਕੂਬ ਨੂੰ ਦੇ ਦਿੱਤੀ ਸੀ ਉਸ ਨੂੰ ਉਹ ਉਸ ਦੇ ਉੱਤੇ ਪਾ ਦੇਵੇਗਾ, ਜੋ ਹੋਇਆ ਸੀ ਉਹ ਉਸ ਦੇ ਘਮੰਡ ਦੇ ਲਈ ਬਹੁਤ ਹੀ ਜਬਰਦਸਤ ਝਟਕਾ ਸੀ। ਸਾਲਾਂ ਪਹਿਲਾਂ, ਉਸ ਨੇ ਮੂਰਖਤਾ ਦੇ ਨਾਲ ਇੱਕ ਕਟੋਰੇ ਦਾਲ ਦੇ ਲਈ ਆਪਣੇ ਪਹਿਲੋਠੇ ਦੇ ਅਧਿਕਾਰ ਨੂੰ ਵੇਚ ਦਿੱਤਾ ਸੀ; ਅਤੇ ਹੁਣ ਯਾਕੂਬ ਨੇ ਫੌਰੀ ਅਤੇ ਵਿਸਥਾਰਿਤ ਪਰਿਵਾਰ ਉੱਤੇ ਆਪਣੀ ਅਗਵਾਈ ਅਤੇ ਅਧਿਕਾਰ ਦੀ ਪਦਵੀ ਲੈ ਲਈ ਸੀ। ਏਸਾਓ ਭੁੱਬਾਂ ਮਾਰ ਮਾਰ ਕੇ ਰੋਇਆ, ਤਾਂਕਿ ਉਸ ਦੇ ਪਿਤਾ ਦਾ ਦਿਲ ਬਦਲ ਜਾਵੇ।

ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਇਸ ਦਿਲ ਨੂੰ ਛੂਹਣ ਵਾਲੇ ਦ੍ਰਿਸ਼ ਦੇ ਵਿਸ਼ੇ ਵਿਚ ਅੰਤਦ੍ਰਿਸ਼ਟੀ ਪ੍ਰਦਾਨ ਕੀਤੀ ਹੈ: ਇਹ ਉਲੇਖ ਕਰਨ ਦੇ ਨਾਲ ਨਾਲ ਕਿ ਏਸਾਓ ਨੇ "ਇੱਕ ਡੰਗ ਦੇ ਖਾਣ ਪਿੱਛੇ ਆਪਣੇ ਜੇਠੇ ਹੋਣ ਦਾ ਹੱਕ ਵੇਚ ਸੁੱਟਿਆ," ਉਸ ਨੇ ਕਿਹਾ ਕਿ "ਮਗਰੋਂ ਜਦ ਉਹ ਨੇ ਬਰਕਤ ਦਾ ਅਧਕਾਰੀ ਹੋਣਾ ਚਾਹਿਆ ਵੀ ਤਾਂ ਉਹ ਅਪਰਵਾਨ ਹੋਇਆ ਇਸ ਲਈ ਜੋ ਤੋਬਾ ਕਰਨ ਦਾ ਮੌਕਾ ਨਾ ਮਿਲਿਆ ਭਾਵੇਂ ਉਹ ਨੇ ਅੰਝੂ ਕੇਰ ਕੇਰ ਕੇ ਉਹ ਨੂੰ ਭਾਲਿਆ" (ਇਬਰਾਨੀਆਂ 12:16, 17)। ਕਈ ਵਿਆਖਿਆ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਏਸਾਓ ਤੋਬਾ ਕਰਨ ਵਿਚ ਨਾਕਾਮ ਰਿਹਾ ਕਿਉਂਕਿ ਉਹ ਗੈਰ-ਚੁਣਿਆਂ ਹੋਇਆਂ ਵਿਚੋਂ ਇੱਕ ਸੀ ਇਸ ਲਈ ਉਸ ਦੇ ਲਈ ਤੋਬਾ ਕਰ ਸਕਣਾ ਅਣਹੋਣਾ ਸੀ। ਪਰ, ਇਹ ਵਿਆਖਿਆ ਸਹੀ ਨਹੀਂ ਹੋ ਸਕਦੀ। ਨਵੇਂ ਨੇਮ ਵਿਚ "ਤੋਬਾ ਅਨੁਵਾਦ" ਕੀਤੇ ਗਏ ਸ਼ਬਦ (μετάνοια, *ਮੇਟੀਨੋਇਆ*) ਦਾ ਮੂਲ ਅਰਥ "ਮਨ ਪਰਿਵਰਤਨ ਹੋਣਾ" ਹੈ ਜਿਸ ਦਾ ਨਤੀਜਾ ਨਵਾਂ ਧਾਰਮਿਕ ਅਤੇ ਨੈਤਿਕ ਜੀਵਨ ਹੈ।[12] ਇਸ ਪ੍ਰਸੰਗ ਵਿਚ ਅਜਿਹੀ ਤਬਦੀਲੀ ਦਾ ਕੋਈ ਮੁੱਦਾ ਨਹੀਂ ਹੈ। ਏਸਾਓ ਨੂੰ ਆਪਣੇ ਖੁਦ ਦੇ ਪਾਪਾਂ ਦਾ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ ਤਾਂ ਕਿ ਉਹ ਇਸ ਤੋਂ ਦੂਰ ਹੋਣ ਦੀ ਕੋਸ਼ਿਸ਼ ਕਰ ਸਕੇ ਪਰਮੇਸ਼ੁਰ ਦੇ ਸਾਹਮਣੇ ਧਰਮੀ ਦੁੱਖ ਵਿਚ। ਉਹ ਸਿਰਫ ਇਹ ਵਿਸ਼ਵਾਸ ਕਰਦਾ ਸੀ ਕਿ ਯਾਕੂਬ ਨੇ ਇਸਹਾਕ ਨੂੰ ਧੋਖਾ ਦੇ ਕੇ ਉਸ ਦੇ ਵਿਰੋਧ ਵਿਚ ਪਾਪ ਕੀਤਾ ਸੀ। ਏਸਾਓ, ਭੁੱਬਾਂ ਮਾਰ ਮਾਰ ਕੇ ਰੋ ਕੇ ਅਤੇ ਅੱਥਰੂ ਵਹਾ ਵਹਾ ਕੇ ਆਪਣੇ ਪਿਤਾ ਦੇ ਮਨ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਆਪਣੇ ਭਰਾ ਨੂੰ ਮੌਤ ਦੇ ਬਿਸਤਰ ਤੋਂ ਦਿੱਤੀ ਬਖਸ਼ਿਸ਼ ਨੂੰ ਰੱਦ ਕਰਨਾ ਚਾਹੁੰਦਾ ਹੈ।

*ਪਾਠ:* ਕੁਝ ਲੋਕ ਇਹ ਸੋਚਦੇ ਹਨ ਕਿ ਕੀ ਪਰਮੇਸ਼ੁਰ ਦੇ ਰਿਬਕਾਹ ਨੂੰ ਆਪਣੇ ਪਤੀ ਨੂੰ ਧੋਖਾ ਦੇਣ ਦੀ ਯੋਜਨਾ ਨੂੰ ਬਰਕਤ ਦੇਣ ਵਿਚ ਅਧਰਮੀ ਸੀ। ਪਰਮੇਸ਼ੁਰ ਕਿਵੇਂ ਯਾਕੂਬ, ਧੋਖਾ ਦੇਣ

ਵਾਲੇ ਨੂੰ, ਘਰਾਣੇ ਦੇ ਉੱਤੇ ਸਰਦਾਰ ਹੋਣ ਦੀ ਬਰਕਤ ਪ੍ਰਾਪਤ ਕਰਨ ਅਤੇ ਝੂਠ ਅਤੇ ਛਲ ਦੇ ਰਾਹੀਂ ਆਗੂ ਦੀ ਬਰਕਤ ਦੇ ਸਕਦਾ ਹੈ? ਇੰਝ ਜਾਪਦਾ ਹੈ ਕਿ ਉਹ ਏਸਾਓ ਦੇ ਮੁਕਾਬਲੇ ਇਸ ਦੇ ਯੋਗ ਨਹੀਂ ਸੀ।

ਪਰਮੇਸ਼ੁਰ ਨੇ ਇਸ ਵਰਣਨ ਵਿਚ ਸ਼ਾਮਲ ਧੋਖਾਧੜੀ ਦੀਆਂ ਘਟਨਾਵਾਂ ਦੀ ਨਿੰਦਾ ਨਹੀਂ ਕੀਤੀ, ਨਾ ਹੀ ਇਨ੍ਹਾਂ ਲੋਕਾਂ ਦੇ ਕੰਮ ਅਤੇ ਉਨ੍ਹਾਂ ਦੇ ਸਿੱਟੇ ਇਹ ਸਿਖਾਉਂਦੇ ਹਨ ਕਿ ਪਰਮੇਸ਼ੁਰ ਦੀ ਦ੍ਰਿਸ਼ਟੀ ਵਿਚ ਅੰਤ ਸਾਧਨਾਂ ਨੂੰ ਯੋਗ ਠਹਿਰਾਉਂਦਾ ਹੈ। ਪਰਮੇਸ਼ੁਰ ਦਾ ਫੈਸਲਾ ਲੈਣ ਤੋਂ ਪਹਿਲਾਂ, ਤਰਕ ਕਰਨ ਵਾਲੇ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਯਹੋਵਾਹ ਦੀ ਇੱਕ ਯੋਜਨਾ ਸੀ ਕਿ ਉਹ ਇਤਿਹਾਸ ਵਿਚ ਕੰਮ ਕਰ ਰਿਹਾ ਸੀ – ਇੱਕ ਯੋਜਨਾ ਜਿਸ ਦੇ ਦੁਆਰਾ ਯਿਸੂ ਮਸੀਹ ਅੰਤ ਵਿਚ ਮੁਕਤੀਦਾਤਾ ਅਤੇ ਪ੍ਰਭੂ ਦੇ ਰੂਪ ਵਿਚ ਆਉਣ ਵਿਚ ਅਗਵਾਈ ਕੀਤੀ। ਜਦਕਿ ਪਰਮੇਸ਼ੁਰ ਦੀ ਯੋਜਨਾ ਪਰਗਟ ਹੋ ਰਹੀ ਸੀ, ਉਸ ਨੇ ਅਬਰਾਹਾਮ, ਇਸਹਾਕ, ਅਤੇ ਯਾਕੂਬ ਵਰਗੇ ਪਾਪੀ ਅਤੇ ਅਯੋਗ ਵਿਅਕਤੀਆਂ ਦੇ ਨਾਲ ਕੰਮ ਕਰਨਾ ਸੀ, ਉਨ੍ਹਾਂ ਨੂੰ ਇਸਤੇਮਾਲ ਕਰਨਾ ਸੀ, ਅਤੇ ਬਰਕਤ ਦੇਣੀ ਸੀ ਕਿਉਂਕਿ ਇਨ੍ਹਾਂ ਤੋਂ ਬੇਹਤਰ ਵਿਅਕਤੀ ਮੌਜੂਦ ਨਹੀਂ ਸਨ। ਫਿਰ ਹੁਣ ਦੀ ਤਰ੍ਹਾਂ – ਹਰ ਇੱਕ ਵਿਅਕਤੀ ਨੂੰ ਅਹਿਸਾਸ ਹੋਇਆ – ਕਿ ਪਰਮੇਸ਼ੁਰ ਇਸ ਸੰਸਾਰ ਵਿਚ “ਲੇਖਾ ਜੋਖਾ” (ਮੰਗ ਦਾ ਭੁਗਤਾਨ ਜਾਂ ਗਣਨਾ) ਨਹੀਂ ਕਰਦਾ ਹੈ। ਕਿਉਂਕਿ “ਪਾਪ ਦੀ ਮਜ਼ਦੂਰੀ ਮੌਤ ਹੈ” (ਰੋਮੀਆਂ 6:23), ਯਾਕੂਬ, ਇੱਕ ਪਾਪੀ ਦਾ ਰੂਪ ਵਿਚ, ਮਾਰ ਦਿੱਤੇ ਜਾਣ ਦੇ ਯੋਗ ਸੀ। ਪਰ, ਨਿਆਂ ਦੀ ਬਜਾਇ ਪੁਰਖਾ ਜਿਸ ਦੇ ਯੋਗ ਸੀ (ਜਿਵੇਂ ਅਸੀਂ ਸਾਰੇ ਵੀ ਹਾਂ), ਪਰਮੇਸ਼ੁਰ ਨੇ, ਕਿਰਪਾ ਦੇ ਰਾਹੀਂ, ਉਸ ਨੂੰ ਜੀਉਂਦੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਸੀ।

*ਨਤੀਜਾ।* ਇਸ ਤੋਂ ਪ੍ਰਤੀਕ ਹੁੰਦਾ ਹੈ ਕਿ ਯਾਕੂਬ ਆਪਣੇ ਪਿਤਾ ਨਾਲ ਬੋਲੇ ਹਰ ਝੂਠ ਬੋਲੇ ਬਿਨਾਂ ਕਿਸੇ ਪਰਿਣਾਮ ਤੋਂ ਬਚ ਨਿਕਲਿਆ। ਜਿਵੇਂ ਕਹਾਣੀ ਅੱਗੇ ਵੱਧਦੀ ਹੈ, ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਸ ਨੂੰ ਦਰਦਨਾਕ ਅਨੁਭਵ ਵਿਚੋਂ ਨਿਕਲਣਾ ਪਿਆ ਇਸ ਲਈ “ਧੋਖੇਬਾਜ਼ ਦਾ ਰਾਹ” ਇੱਕ ਸੌਖਾ ਰਾਹ ਨਹੀਂ ਹੁੰਦਾ ਹੈ (ਕਹਾਉਤਾਂ 13:15)। ਅਗਲੇ ਕੁਝ ਅਧਿਆਇਆਂ ਵਿਚ, ਕਹਾਣੀ ਦੱਸਦੀ ਹੈ ਕਿ ਯਾਕੂਬ ਨੂੰ ਦੂਜਿਆਂ ਨੂੰ ਧੋਖਾ ਦੇਣ ਦੇ ਵਿਸ਼ੇ ਵਿਚ ਕੁਝ ਮਹੱਤਵਪੂਰਣ ਸਬਕ ਸਿੱਖਣੇ ਪੈਣੇ ਸਨ। ਧੋਖਾ ਧੜੀ ਦੇ ਚੰਗੇ ਪਰਿਣਾਮ ਨਾ ਮਿਲਣ ਤੇ ਉਹ ਇਸ ਨੂੰ ਸਿੱਖ ਜਾਵੇਗਾ। ਯਾਕੂਬ ਨੂੰ ਪਤਾ ਲੱਗੇਗਾ ਕਿ ਲਾਬਾਨ, ਉਸ ਦਾ ਭਵਿੱਖ ਦਾ ਸਹੁਰਾ, ਧੋਖੇਬਾਜ਼ੀ ਵਿਚ ਆਪਣੇ ਜਵਾਨ ਭਣੇਵੇਂ ਨਾਲੋਂ ਵੀ ਵਧੇਰੇ ਮਾਹਰ ਸੀ। ਕਿਸੇ ਨੇ ਇਹ ਧਿਆਨ ਦਿੱਤਾ ਹੈ ਕਿ “ਇਹ ਦੋਵੇਂ ਆਦਮੀ ਇੱਕ ਦੂਜੇ ਦੇ ਯੋਗ ਸਨ।”

---

ਟਿੱਪਣੀਆਂ

[1]ਬਰੂਸ ਕੇ. ਵਾਲਟਕੇ, *ਜੇਨੇਸਿਸ: ਏ ਕਮੈਂਟਰੀ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਰਜ਼, 2001), 376. [2]ਦੁਹਰਾਏ ਜਾਣ ਦੇ ਦੁਆਰਾ, ਲਿਖਤ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਇਸਹਾਕ ਜੰਗਲੀ ਜਾਨਵਰਾਂ ਦੇ ਮਾਸ ਤੋਂ ਤਿਆਰ ਕੀਤੇ ਗਏ ਭੋਜਨ ਖਾਣਾ ਪਸੰਦ ਕਰਦਾ ਸੀ (27:4, 7, 9, 14, 17, 19, 25, 31)। [3]ਜਿਉਂ ਜਿਉਂ ਸਮਾਂ ਬੀਤਦਾ ਗਿਆ, ਯਾਕੂਬ ਦੀ ਅੰਸ (ਇਸਰਾਏਲ) ਬਾਰ੍ਹਾਂ ਗੋਤਾਂ ਵਿਚ ਫੈਲ ਗਈ। ਮੂਸਾ ਅਤੇ ਯਹੋਸ਼ੁਆ ਵਰਗੇ, ਰੱਬੀ ਤੌਰ ਤੇ ਨਿਯੁਕਤ ਕੀਤੇ ਗਏ ਆਗੂਆਂ ਨੇ ਆਪਣੀ ਮੌਤ ਤੋਂ ਪਹਿਲਾਂ, ਲੋਕਾਂ ਅਤੇ ਨੇਤਾਵਾਂ ਦੇ ਨਾਲ ਨਾਲ, ਗੋਤਾਂ ਦੇ ਮੁਖੀਆਂ ਨੂੰ ਵਿਦਾਇਗੀ ਦੀਆਂ ਬਰਕਤਾਂ/ਜਾਂ ਜ਼ਿੰਮੇਵਾਰੀਆਂ ਸੌਂਪੀਆਂ ਸਨ (ਬਿਵਸਥਾ ਸਾਰ 33:1-29; ਯਹੋਸ਼ੁਆ 23:1-16; 24:1-28)। [4]ਉਤਪਤ 49:3-12 ਦੇ ਅਨੁਸਾਰ, ਯਾਕੂਬ ਰਊਬੇਨ, ਸ਼ਿਮਓਨ, ਅਤੇ ਲੇਵੀ ਨੂੰ ਪਾਰ ਕਰਕੇ ਯਹੂਦਾਹ ਦੇ

ਕੋਲ ਗਿਆ, ਅਤੇ ਆਪਣੀ ਮੌਤ ਦੇ ਸਮੇਂ ਉਸ ਨੂੰ ਬਰਕਤ ਦਿੱਤੀ, ਜਿਸ ਦਾ ਅਰਥ ਗੋਤ ਦੀ ਅਗਵਾਈ ਕਰਨਾ ਸੀ। ਉਸੇ ਤਰੀਕੇ ਦੇ ਨਾਲ, ਯਾਕੂਬ ਨੇ ਵੱਡੇ ਭਰਾਵਾਂ ਨੂੰ ਛੱਡ ਕੇ ਯੂਸੁਫ਼ ਨੂੰ – ਉਸ ਦੇ ਦੋਵਾਂ ਪੁੱਤਰਾਂ ਇਫਰਾਈਮ ਅਤੇ ਮਨੱਸ਼ਹ ਦੇ ਦੁਆਰਾ ਬਰਕਤ ਦਿੱਤੀ – ਜੋ ਜਨਮਜਾਤ ਵਿਰਾਸਤ ਸੀ। ਯੂਸੁਫ਼ ਇੱਕ ਗੋਤ ਦੀ ਬਜਾਇ, ਉਸ ਦੇ ਪੁੱਤਰ ਦੋ ਗੋਤ ਬਣ ਗਏ ਅਤੇ ਕਨਾਨ ਦੀ ਧਰਤੀ ਦਾ ਦੋਹਰਾਂ ਭਾਗ ਹਾਸਲ ਕੀਤਾ (48:20-22; ਯਹੋਸ਼ੁਆ 16:1-17:18)। [5]ਇਹ ਬਰਕਤ ਦਾਊਦ ਦੇ ਸਮੇਂ ਤੱਕ ਪੂਰੀ ਹੋਣੀ ਸ਼ੁਰੂ ਨਹੀਂ ਹੋਈ (2 ਸਮੂਏਲ 8:1-18)। [6]ਯੋਰਾਮ ਨੂੰ 2 ਇਤਹਾਸ 21:8-10 ਵਿਚ "ਯਹੋਰਾਮ" ਵੀ ਕਿਹਾ ਗਿਆ ਹੈ। [7]ਫਰਾਂਸਿਸ ਬ੍ਰਾਊਨ, ਐਸ. ਆਰ. ਡਰਾਈਵਰ, ਅਤੇ ਚਾਰਲਸ ਏ. ਬ੍ਰਿਗਸ, *ਏ ਹਿਬ੍ਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰੇਡਨ ਪ੍ਰੈੱਸ, 1962), 966. [8]ਯੂਨਾਨੀ ਸ਼ਬਦ πόρνος (*ਪੋਰਨਸ*) "ਵਿਭਚਾਰਕੀ," ਜਿਸ ਦਾ ਅਰਥ ਹੈ ਕਿ ਉਸ ਦਾ ਕਨਾਨੀ ਇਸਤਰੀਆਂ ਦੇ ਨਾਲ ਜਿਨਸੀ ਸੰਬੰਧ ਸੀ, ਇਸ ਦੇ ਨਾਲ ਨਾਲ ਉਸ ਨੇ ਹਿੱਤੀ ਪਤਨੀਆਂ ਦੇ ਨਾਲ ਵਿਆਹ ਕਰਵਾਉਣਾ ਸੀ ਜਿਸ ਨੇ ਮਾਂ ਨੂੰ ਦੁੱਖ ਦਿੱਤਾ ਸੀ (27:46)। [9]ਅਰਨਸਟ ਹੈਮਿੰਗਵੇ, *ਡੇਥ ਇਨ ਦਾ ਆਫਟਰਨੂਨ* (ਨਿਊ ਯਾਰਕ: ਚਾਰਲਸ ਸਕਰਾਈਬਨਰ, 1932), 13. [10]ਜੋਏ ਬਰੂਕਸ, "ਯੂ ਲਿਫਟ ਅਪ ਮਾਈ ਲਾਇਫ," ਕਪੀਰਾਇਟ 1977; ਯੂਨੀਵਰਸਲ ਮਿਊਜ਼ਿਕ ਪਬਲਿਸ਼ਿੰਗ ਦੁਆਰਾ ਪ੍ਰਬੰਧਤ ਅਧਿਕਾਰ (UMPG)।

[11]ਵਾਲਟਰ ਸਕੋਟ *ਮਾਰਮਿਓਨ* 6.17. [12]ਵਿਲੀਅਮ ਐਫ਼. ਆਰਨਡਟ ਅਤੇ ਐਫ਼. ਵਿਲਬਰ ਗਿਗਰਿਚ, *ਏ ਗ੍ਰੀਕ-ਇੰਗਲਿਸ਼ ਲੈਕਸੀਕਾਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚੀਅਨ ਲਿਟ੍ਰੇਚਰ*, ਦੂਸਰੀ ਸੋਧ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1979) 512.